ਮੰਗਲਵਾਰ, 8 ਜੁਲਾਈ, 2025
24 ਹਾੜ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 37

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 8 JULY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

## ਟਰੰਪ ਦੀ ਬ੍ਰਿਕਸ ਖਿਲਾਫ ਧਮਕੀ ਦਾ ਰੂਸ ਤੇ ਚੀਨ ਵੱਲੋਂ ਗੰਭੀਰ ਨੋਟਿਸ

**ਮਾਸਕੋ :** ਰੂਸ ਨੇ ਸੋਮਵਾਰ ਕਿਹਾ ਕਿ ਵੱਖ-ਵੱਖ ਮੁਲਕਾਂ ਦਾ ਸਮੂਹ ਬ੍ਰਿਕਸ ਦੂਜੇ ਦੇਸ਼ਾਂ ਦੀ ਹੇਠੀ ਕਰਨ ਜਾਂ ਉਨ੍ਹਾਂ ਨੂੰ ਕਮਜ਼ੋਰ ਕਰਨ ਲਈ ਹਰਗਿਜ਼ ਕੰਮ ਨਹੀਂ ਕਰ ਰਿਹਾ । ਰੂਸ ਦਾ ਇਸ ਸਮੂਹ ਬਾਰੇ ਇਹ ਐਲਾਨ ਅਮਰੀਕਾ ਦੇ ਪ੍ਰਧਾਨ ਡੋਨਾਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਟਰੰਪ ਨੇ ਕਿਹਾ ਹੈ ਕਿ ਉਹ ਅਮਰੀਕਾ ਵਿਰੋਧੀ ਨੀਤੀਆਂ ਨਾਲ ਜੁੜੇ ਮੁਲਕਾਂ 'ਤੇ 10 ਫੀਸਦੀ ਟੈਰਿਫ ਲਗਾਉਣਗੇ।

ਟਰੰਪ ਨੇ ਇਹ ਟਿੱਪਣੀਆਂ ਐਤਵਾਰ ਬ੍ਰਾਜ਼ੀਲ ਵਿੱਚ ਬ੍ਰਿਕਸ ਨੇਤਾਵਾਂ ਦੇ ਸੰਮੇਲਨ ਦੀ ਸ਼ੁਰੂਆਤ ਹੋਣ ਤੋਂ ਬਾਅਦ ਪ੍ਰਤੀਕਰਮ ਵਜੋਂ ਕੀਤੀਆਂ। ਟਰੰਪ ਦੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਕਰੈਮਲਿਨ ਦੇ ਬੁਲਾਰੇ ਦਮਿਤਰੀ ਪੇਸ਼ਕੋਵ ਨੇ ਕਿਹਾ ਕਿ ਕਰੈਮਲਿਨ ਨੇ ਇਨ੍ਹਾਂ ਟਿੱਪਣੀਆਂ ਦਾ ਨੋਟਿਸ ਲਿਆ ਹੈ।

ਪੇਸ਼ਕੋਵ ਨੇ ਕਿਹਾ, 'ਅਸੀਂ ਸੱਚਮੁੱਚ ਰਾਸ਼ਟਰਪਤੀ ਟਰੰਪ ਦੇ ਅਜਿਹੇ ਬਿਆਨ ਦੇਖੇ ਹਨ, ਪਰ ਇੱਥੇ ਇਹ ਨੋਟ ਕਰਨਾ ਬਹੁਤ ਜ਼ਰੂਰੀ ਹੈ ਕਿ ਬ੍ਰਿਕਸ ਵਰਗੇ ਸਮੂਹ ਦੀ ਵਿਲੱਖਣਤਾ ਇਹ ਹੈ ਕਿ ਇਹ ਦੇਸ਼ਾਂ ਦਾ ਸਮੂਹ ਹੈ, ਜੋ ਸਾਂਝੇ ਦ੍ਰਿਸ਼ਟੀਕੋਣ ਅਤੇ ਆਪਣੇ ਹਿੱਤਾਂ ਦੇ ਅਧਾਰ 'ਤੇ ਸਹਿਯੋਗ ਕਰਨ ਦੇ ਤਰੀਕੇ 'ਤੇ ਇੱਕ ਸਾਂਝਾ ਵਿਸ਼ਵ ਦ੍ਰਿਸ਼ਟੀਕੋਣ ਬਣਾਉਂਦੇ ਹਨ। ਬ੍ਰਿਕਸ ਦੇ ਅੰਦਰ ਇਹ ਸਹਿਯੋਗ ਕਦੇ ਵੀ ਕਿਸੇ ਤੀਜੇ ਦੇਸ਼ ਦੇ ਵਿਰੁੱਧ ਨਹੀਂ ਰਿਹਾ ਅਤੇ ਨਾ ਹੀ ਕਦੇ ਹੋਵੇਗਾ।'

ਇਸੇ ਦੌਰਾਨ ਚੀਨ ਨੇ ਕਿਹਾ ਹੈ ਕਿ ਬ੍ਰਿਕਸ ਦੇਸ਼ ਅਮਰੀਕਾ ਨਾਲ ਟਕਰਾਅ ਨਹੀਂ ਚਾਹੁੰਦੇ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਕਿਹਾ ਕਿ ਚੀਨ ਕਈ ਵਾਰ ਦੁਹਰਾ ਚੁੱਕਾ ਹੈ ਕਿ ਵਪਾਰ ਤੇ ਟੈਰਿਫ ਜੰਗ ਵਿੱਚ ਕੋਈ ਨਹੀਂ ਜਿੱਤਦਾ ਅਤੇ ਸੁਰੱਖਿਆਵਾਦ ਨਾਲ ਅੱਗੇ ਨਹੀਂ ਵਧਿਆ ਜਾ ਸਕਦਾ। ਟੈਰਿਫ ਨਾਲ ਕਿਸੇ ਦਾ ਕੁਝ ਨਹੀਂ ਸੌਰਦਾ।

ਟਰੰਪ ਨੇ ਧਮਕੀ ਦਿੱਤੀ ਹੈ ਕਿ ਜਿਹੜਾ ਵੀ ਮੁਲਕ ਬ੍ਰਿਕਸ ਦੀਆਂ 'ਅਮਰੀਕਾ ਵਿਰੋਧੀ ਨੀਤੀਆਂ' ਨਾਲ ਖੁਦ ਨੂੰ ਜੋੜੇਗਾ, ਉਨ੍ਹਾਂ ਉੱਤੇ ਅਮਰੀਕਾ ਵੱਲੋਂ ਵਾਧੂ ਦਰਾਮਦ ਟੈਕਸ (ਟੈਰਿਫ) ਲਗਾਇਆ ਜਾਵੇਗਾ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ ਟਰੁਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਲਿਖਿਆ, "ਕੋਈ ਵੀ ਮੁਲਕ ਜੋ ਬ੍ਰਿਕਸ ਦੀਆਂ ਅਮਰੀਕਾ ਵਿਰੋਧੀ ਨੀਤੀਆਂ ਨਾਲ ਖੁਦ ਨੂੰ ਜੋੜਦਾ ਹੈ, ਉੱਤੇ 10 ਫੀਸਦ ਵਾਧੂ ਟੈਕਸ ਲਗਾਇਆ ਜਾਵੇਗਾ। ਇਸ ਨੀਤੀ ਵਿੱਚ ਕੋਈ ਅਪਵਾਦ ਨਹੀਂ ਹੋਵੇਗਾ। ਕ੍ਰਿਪਾ ਕਰਕੇ ਇਸ ਮਾਮਲੇ 'ਤੇ ਧਿਆਨ ਦਿਓ।"

ਟਰੰਪ ਨੇ ਹਾਲਾਂਕਿ ਆਪਣੀ ਇਸ ਪੋਸਟ ਵਿੱਚ 'ਅਮਰੀਕਾ ਵਿਰੋਧੀ ਨੀਤੀਆਂ' ਦਾ ਸਪੱਸ਼ਟ ਰੂਪ 'ਚ ਜ਼ਿਕਰ ਨਹੀਂ ਕੀਤਾ ਤੇ ਨਾ ਹੀ ਦੱਸਿਆ ਕਿ ਉਹ ਕਿਹੜੀਆਂ ਨੀਤੀਆਂ ਨੂੰ ਇਸ ਵਰਗ ਵਿੱਚ ਮੰਨਦੇ ਹਨ। ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ) ਦੀ ਸਥਾਪਨਾ 2009 ਵਿੱਚ ਹੋਈ ਸੀ, ਜਿਸ ਦਾ ਮਕਸਦ ਆਲਮੀ ਬਹੁਧਰੁਵੀਕਰਨ ਨੂੰ ਹੱਲਾਸ਼ੇਰੀ ਦੇਣਾ ਤੇ ਪੱਛਮੀ ਮੁਲਕਾਂ ਦੇ ਦਬਦਬੇ ਨੂੰ ਚੁਣੌਤੀ ਦੇਣਾ ਰਿਹਾ ਹੈ। ਪਿਛਲੇ ਸਾਲ ਮਿਸਰ, ਇਥੋਪੀਆ, ਇੰਡੋਨੇਸ਼ੀਆ, ਈਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਦੇਸ਼ਾਂ ਨੂੰ ਵੀ ਇਸ ਸਮੂਹ ਵਿੱਚ ਮੈਂਬਰਸ਼ਿਪ ਦਿੱਤੀ ਗਈ ਸੀ।

## ਜਿਓਤੀ ਮਲਹੋਤਰਾ ਨੂੰ ਕੇਰਲਾ ਸਰਕਾਰ ਨਾਲ ਜੋੜਨਾ ਭਾਜਪਾ ਦੀ ਕੌਮੀ ਸੁਰੱਖਿਆ 'ਚ ਨਾਕਾਮੀ ਲੁਕੋਣ ਦੀ ਕੋਸ਼ਿਸ਼ : ਸੀ ਪੀ ਆਈ

**ਨਵੀਂ ਦਿੱਲੀ :** ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨੇ ਸੋਮਵਾਰ ਉਨ੍ਹਾਂ ਰਿਪੋਰਟਾਂ ਦੀ ਸਖਤ ਨਿੰਦਾ ਕੀਤੀ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਜਾਸੂਸੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਯੂਟਿਊਬਰ ਜਿਓਤੀ ਮਲਹੋਤਰਾ ਨੂੰ ਕੇਰਲਾ ਸਰਕਾਰ ਵੱਲੋਂ ਰਾਜ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਲਈ ਸੱਦਾ ਦਿੱਤਾ ਗਿਆ ਸੀ।

ਸੀ ਪੀ ਆਈ ਦੇ ਸੰਸਦ ਮੈਂਬਰ ਪੀ ਸੰਤੋਸ਼ ਕੁਮਾਰ ਨੇ ਇੱਕ ਬਿਆਨ ਵਿੱਚ ਕਿਹਾ, 'ਭਾਰਤੀ ਕਮਿਊਨਿਸਟ ਪਾਰਟੀ ਜਿਓਤੀ ਮਲਹੋਤਰਾ ਜਾਸੂਸੀ ਮਾਮਲੇ ਵਿੱਚ ਭਾਜਪਾ ਵੱਲੋਂ ਕੇਰਲਾ ਸਰਕਾਰ ਨੂੰ ਘੜੀਸਣ ਦੀ ਕੋਸ਼ਿਸ਼ ਦੀ ਸਖਤ ਨਿੰਦਾ ਕਰਦੀ ਹੈ, ਇਹ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਕੌਮੀ ਸੁਰੱਖਿਆ 'ਤੇ ਆਪਣੀਆਂ ਗੰਭੀਰ ਅਸਫਲਤਾਵਾਂ ਨੂੰ ਛੁਪਾਇਆ ਜਾ ਸਕੇ।'

ਕਾਮਰੇਡ ਕੁਮਾਰ ਨੇ ਕਿਹਾ ਕਿ ਇਹ ਸੁਝਾਅ ਦੇਣਾ ਬੇਤੁਕੀ ਗੱਲ ਹੈ ਕਿ ਇੱਕ ਰਾਜ ਸਰਕਾਰ ਇੱਕ ਯੂਟਿਊਬਰ ਦੇ ਪਾਕਿਸਤਾਨ ਦੌਰੇ ਲਈ ਜ਼ਿੰਮੇਵਾਰ ਸੀ, ਜਦੋਂਕਿ ਪਾਸਪੋਰਟ ਜਾਰੀ ਕਰਨਾ, ਵੀਜ਼ਾ ਕਲੀਅਰੈਂਸ ਅਤੇ ਖੁਫੀਆ ਨਿਗਰਾਨੀ ਸਭ ਕੇਂਦਰ ਸਰਕਾਰ ਦੇ ਨਿਯੰਤਰਣ ਅਧੀਨ ਹਨ। ਉਨ੍ਹਾ ਸਵਾਲ ਕਰਦਿਆਂ ਕਿਹਾ, 'ਕੀ ਕੇਰਲਾ ਸਰਕਾਰ ਨੇ ਉਸ ਦੇ ਪਾਕਿਸਤਾਨ ਦੌਰਿਆਂ ਨੂੰ ਮਨਜ਼ੂਰੀ ਦਿੱਤੀ? ਕੀ ਉਸ

• ਬਾਕੀ ਸਫਾ 2 'ਤੇ

## ਕਮਿਊਨਿਸਟ ਫਿਰਕੂ ਵੰਡੀਆਂ ਪਾਉਣ ਦੀਆਂ ਸੰਘ ਦੀਆਂ ਕੁਚਾਲਾਂ ਨੂੰ ਪਛਾੜਣ ਲਈ ਸਾਂਝਾ ਲੋਕ ਯੁੱਧ ਵਿੱਢਣਗੇ

### ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ 15 ਜੁਲਾਈ ਤੋਂ 15 ਅਗਸਤ ਤੱਕ ਕੀਤੀਆਂ ਜਾਣਗੀਆਂ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ

**ਜਲੰਧਰ (ਰਾਜੇਸ਼ ਬਾਪਾ)**

ਸੀ ਪੀ ਆਈ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ), ਸੀ ਪੀ ਆਈ (ਮ ਲ) ਲਿਬਰੇਸ਼ਨ, ਸੀ ਪੀ ਆਈ. (ਮ ਲ) ਨਿਊ ਡੈਮੋਕ੍ਰੇਸੀ, ਇਨਕਲਾਬੀ ਕੇਂਦਰ ਪੰਜਾਬ ਅਤੇ ਐੱਮ ਸੀ ਪੀ ਆਈ (ਯੂ.) 'ਤੇ ਆਧਾਰਿਤ 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵੱਲੋਂ ਸੋਮਵਾਰ ਪ੍ਰੈੱਸ ਕਲੱਬ ਜਲੰਧਰ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ 'ਚ ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੁਖਦਰਸ਼ਨ ਸਿੰਘ ਨੱਤ, ਅਜਮੇਰ ਸਿੰਘ ਸਮਰਾ, ਕੰਵਲਜੀਤ ਖੰਨਾ, ਪਰਗਟ ਸਿੰਘ ਜਾਮਾਰਏ ਨੇ 'ਫਰੰਟ' ਦੇ ਗਠਨ ਦੇ ਮੰਤਵ ਅਤੇ ਭਵਿੱਖੀ ਕਾਰਜਾਂ ਦੀ ਰੂਪ-ਰੇਖਾ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ 'ਫਰੰਟ' ਭਾਰਤ ਅੰਦਰ ਤਾਨਾਸ਼ਾਹੀ ਤਰਜ਼ ਦਾ ਹਿੰਦੂਤਵੀ-ਮਨੂੰਵਾਦੀ ਚੌਖਟੇ ਵਾਲਾ, ਧਰਮ ਅਧਾਰਤ, ਪਿਛਾਖੜੀ ਰਾਜ ਪ੍ਰਬੰਧ ਕਾਇਮ ਕਰਨ ਦੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਦੇ ਫਿਰਕੂ-ਫਾਸ਼ੀ ਏਜੰਡੇ ਨੂੰ ਭਾਂਜ ਦੇਣ ਲਈ ਵਿਸ਼ਾਲ ਲੋਕ ਲਾਮਬੰਦੀ 'ਤੇ ਆਧਾਰਿਤ ਸਮਝੌਤਾ ਰਹਿਤ ਬੱਝਵਾਂ ਸੰਗਰਾਮ ਸਿਰਜਣ ਦੇ ਸਿਰਤੋੜ ਯਤਨ ਕਰੇਗਾ। ਫਰੰਟ ਨੇ ਉਕਤ ਕੋਝੇ ਮਕਸਦ ਦੀ ਪੂਰਤੀ ਲਈ ਸੰਘ ਪਰਵਾਰ ਦੇ ਖਰੂਦੀ ਗਰੋਹਾਂ ਵਲੋਂ ਮੋਦੀ ਸਰਕਾਰ ਦੀ ਨੰਗੀ-ਚਿੱਟੀ ਮਿਲੀਭੁਗਤ ਨਾਲ ਫਿਰਕੂ ਵੰਡ ਤਿੱਖੀ ਕਰਨ ਵਾਸਤੇ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਖਿਲਾਫ਼ ਕੀਤੇ ਜਾ ਰਹੇ ਚੌਤਰਫਾ ਘਾਤਕ ਹੱਲਿਆਂ ਦੇ ਖਤਰਨਾਕ ਨਤੀਜੀਆਂ ਤੋਂ ਦੇਸ਼ ਵਾਸੀਆਂ ਨੂੰ ਚੌਕਸ ਕਰਨ ਲਈ ਵੀ ਉਚੇਚੀ ਯੋਜਨਾਬੰਦੀ ਉਲੀਕੀ ਹੈ।

ਉਨ੍ਹਾਂ ਕਿਹਾ ਕਿ ਗਰੀਬ ਸ਼੍ਰੇਣੀ, ਸ਼ੂਦਰਾਂ ਤੇ ਸਮੁੱਚੀਆਂ ਇਸਤਰੀਆਂ ਦੀ ਗੁਲਾਮੀ ਦੇ ਦਸਤਾਵੇਜ਼ ਮਨੂੰ ਸਿਮਰਤੀ ਨੂੰ ਦੇਸ਼ ਦੇ ਵਰਤਮਾਨ ਸੰਵਿਧਾਨ ਦੇ ਬਦਲ ਵਜੋਂ ਲਾਗੂ ਕਰਨ ਦੀਆਂ ਸੰਘ ਪਰਵਾਰ ਦੀਆਂ ਕੁਚਾਲਾਂ ਖਿਲਾਫ਼ ਭਾਰਤ ਦੇ ਸਮੂਹ ਮਿਹਨਤਕਸ਼ਾਂ ਨੂੰ ਸੁਚੇਤ ਕਰਨਾ ਤੇ ਇਸ ਪ੍ਰਤੀਕਿਰਿਆਵਾਦੀ ਮਨਸੂਬਾਬੰਦੀ ਖਿਲਾਫ਼ ਦੇਸ਼-ਵਿਆਪੀ ਲੋਕ ਘੋਲ ਵਿੱਢਣਾ ਫਰੰਟ

• ਬਾਕੀ ਸਫਾ 2 'ਤੇ

## ਅਬੋਹਰ ਦੇ ਮਸ਼ਹੂਰ ਕਾਰੋਬਾਰੀ ਦੀ ਹੱਤਿਆ

**ਅਬੋਹਰ :** 'ਨਿਊ ਵੀਅਰ ਵੈੱਲ' ਸ਼ੋਅਰੂਮ ਦੇ ਸਹਿ-ਮਾਲਕ ਤੇ ਉੱਘੇ ਕਾਰੋਬਾਰੀ ਸੰਜੈ ਵਰਮਾ ਦੀ ਸੋਮਵਾਰ ਦਿਨ-ਦਿਹਾੜੇ ਅਬੋਹਰ ਦੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮੋਟਰਸਾਈਕਲ ਸਵਾਰ ਤਿੰਨ ਅਣਪਛਾਤੇ ਹਮਲਾਵਰਾਂ ਨੇ ਵਰਮਾ 'ਤੇ ਸ਼ੋਅਰੂਮ ਦੇ ਬਾਹਰ 10 ਦੇ ਕਰੀਬ ਗੋਲੀਆਂ ਚਲਾਈਆਂ। ਇਨ੍ਹਾਂ ਵਿੱਚੋਂ ਚਾਰ ਗੋਲੀਆਂ ਵਰਮਾ ਦੀ ਆਈ-20 ਕਾਰ ਵਿੱਚ ਲੱਗੀਆਂ।

ਗ੍ਰੇਟ ਖਲੀ ਨੇ ਬਹੁਤ ਪਹਿਲਾਂ ਸ਼ੋਅਰੂਮ ਦਾ ਉਦਘਾਟਨ ਕੀਤਾ ਸੀ। ਪੌਲੀਵੁੱਡ ਦੇ ਕਲਾਕਾਰਾਂ, ਖਿਡਾਰੀਆਂ, ਸੀਨੀਅਰ ਨਿਆਂਇਕ ਅਧਿਕਾਰੀਆਂ ਤੇ ਸਿਆਸਤਦਾਨਾਂ ਦਾ ਸ਼ੋਅਰੂਮ ਵਿੱਚ ਆਉਣ-ਜਾਣ ਸੀ। ਸੰਜੈ ਵਰਮਾ (58) ਫੈਸ਼ਨ ਡਿਜ਼ਾਈਨਰ ਜਗਤ ਵਰਮਾ, ਜਿਸ ਨੂੰ ਆਲਮੀ ਪੱਧਰ 'ਤੇ ਬਹੁਤ ਮਾਣ-ਸਨਮਾਨ ਮਿਲਿਆ ਹੈ, ਦਾ ਛੋਟਾ ਭਰਾ ਸੀ। ਸ਼ੂਟਰ ਭਗਤ ਸਿੰਘ ਚੌਕ ਵਿੱਚ ਪਹਿਲਾਂ ਤੋਂ ਵਰਮਾ ਦੀ ਉਡੀਕ 'ਚ ਸਨ। ਵਰਮਾ ਸਵਾ ਦਸ ਵਜੇ ਦੇ ਕਰੀਬ ਜਿਵੇਂ ਹੀ ਸ਼ੋਅਰੂਮ ਦੇ ਬਾਹਰ ਆਪਣੀ ਕਾਰ 'ਚੋਂ ਬਾਹਰ ਨਿਕਲਿਆ ਤਾਂ ਇਨ੍ਹਾਂ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ।

• ਬਾਕੀ ਸਫਾ 2 'ਤੇ

## ਬਿਹਾਰ ਦੇ ਵੋਟਰਾਂ ਬਾਰੇ ਪਟੀਸ਼ਨਾਂ 'ਤੇ ਸੁਣਵਾਈ ਵੀਰਵਾਰ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਕਰਨ ਦੇ ਚੋਣ ਕਮਿਸ਼ਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਵੱਖ-ਵੱਖ ਪਟੀਸ਼ਨਾਂ 'ਤੇ 10 ਜੁਲਾਈ ਨੂੰ ਸੁਣਵਾਈ ਕਰਨ ਲਈ ਸੋਮਵਾਰ ਸਹਿਮਤੀ ਦੇ ਦਿੱਤੀ।

ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਨੇ ਕਈ ਪਟੀਸ਼ਨਰਾਂ ਵੱਲੋਂ ਕਪਿਲ ਸਿੱਬਲ ਦੀ ਅਗਵਾਈ ਵਾਲੇ ਸੀਨੀਅਰ ਵਕੀਲਾਂ ਦੇ ਇੱਕ ਸਮੂਹ ਦੀਆਂ ਬੇਨਤੀਆਂ ਦਾ ਨੋਟਿਸ ਲਿਆ ਅਤੇ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ।

## ਭਲਕ ਦੀ ਹੜਤਾਲ ਦੀਆਂ ਤਿਆਰੀਆਂ ਮੁਕੰਮਲ : ਬਰਾੜ, ਧਾਲੀਵਾਲ

**ਪਟਿਆਲਾ :** ਪੰਜਾਬ ਏਟਕ ਦੇ ਪ੍ਰਧਾਨ ਬੰਤ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ 10 ਕੇਂਦਰੀ ਟਰੇਡ ਯੂਨੀਅਨ ਸੰਗਠਨਾਂ ਅਤੇ ਅਨੇਕਾਂ ਅਜ਼ਾਦ ਫੈਡਰੇਸ਼ਨਾਂ, ਯੂਨੀਅਨਾਂ ਵੱਲੋਂ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਸਰਗਰਮ ਹਮਾਇਤ ਪ੍ਰਾਪਤ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼-ਵਿਆਪੀ ਹੜਤਾਲ ਦੀਆਂ ਤਿਆਰੀਆਂ ਅਤੇ ਉਤਸ਼ਾਹ ਸੰਬੰਧੀ ਦੱਸਿਆ ਕਿ ਇਸ ਹੜਤਾਲ ਦੀਆਂ ਪੰਜਾਬ ਵਿੱਚ ਸਾਰੀਆਂ ਤਿਆਰੀਆਂ ਮੀਟਿੰਗਾਂ, ਗੇਟ ਰੈਲੀਆਂ, ਇਸ਼ਤਿਹਾਰ, ਦੁਵਰਕੀਆਂ, ਹੜਤਾਲ ਬਾਰੇ ਨੋਟਿਸ ਆਦਿ ਕਰਦੇ ਹੋਏ ਮੁਕੰਮਲ ਕਰ ਲਈਆਂ ਗਈਆਂ ਹਨ। ਹੜਤਾਲ ਦੀ ਕਾਮਯਾਬੀ ਲਈ ਉਤਸ਼ਾਹ ਤੋਂ ਸਪੱਸ਼ਟ ਹੈ ਕਿ ਪੰਜਾਬ ਵਿੱਚ ਹੜਤਾਲ ਪਿਛਲੀਆਂ ਸਭ ਹੜਤਾਲਾਂ ਤੋਂ ਵੱਧ ਕਾਮਯਾਬ ਹੋਵੇਗੀ। ਪੰਜਾਬ ਰੋਡਵੇਜ਼, ਪੀ ਆਰ ਟੀ ਸੀ, ਬਿਜਲੀ ਬੋਰਡ, ਬੈਂਕ, ਬੀਮਾ, ਬੀ ਐੱਸ ਐੱਨ ਐੱਲ, ਪੋਸਟਲ ਇੰਪਲਾਈਜ਼, ਬੀ ਬੀ ਐੱਮ ਬੀ, ਆਂਗਣਵਾੜੀ, ਨਰੇਗਾ, ਆਸ਼ਾ ਵਰਕਰਜ਼, ਮਿਡ ਡੇ ਮੀਲ ਵਰਕਰਜ਼, ਭੱਠਾ ਸਨਅਤ, ਉਸਾਰੀ ਕਿਰਤੀ, ਐੱਫ ਸੀ ਆਈ, ਪੱਲੇਦਾਰ, ਖੇਤ ਮਜਦੂਰ, ਸਭ ਅਦਾਰਿਆਂ ਦੇ ਸੇਵਾ-ਮੁਕਤ ਲੱਖਾਂ ਕਾਮੇ, ਲੱਖਾਂ ਸਨਅਤੀ ਕਾਮੇ, ਨੌਜੁਆਨ, ਵਿਦਿਆਰਥੀ ਆਦਿ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਸਮੁੱਚੀਆਂ ਕਿਸਾਨ ਜਥੇਬੰਦੀਆਂ ਦੇ ਲੱਖਾਂ ਕਿਸਾਨਾਂ ਤੋਂ ਇਲਾਵਾ ਹੋਰ ਛੋਟੇ-ਛੋਟੇ ਅਦਾਰੇ ਅਤੇ ਸੰਗਠਨ ਵੀ ਇਸ ਹੜਤਾਲ ਵਿੱਚ ਪੂਰੀ ਤਾਕਤ ਨਾਲ ਹਿੱਸਾ ਲੈ ਰਹੇ ਹਨ।ਬਰਾੜ ਅਤੇ ਧਾਲੀਵਾਲ ਨੇ ਦੱਸਿਆ ਕਿ ਇਹ ਹੜਤਾਲ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ ਅਤੇ ਗਰੀਬ ਵਿਰੋਧੀ ਸਨਅਤੀ ਅਤੇ ਆਰਥਕ ਨੀਤੀਆਂ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਹੈ। ਹੜਤਾਲ ਦੇ ਮੁੱਦਿਆ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਪਬਲਿਕ ਸੈਕਟਰ ਦਾ ਨਿਜੀਕਰਨ ਰੋਕਣਾ, ਚਾਰੇ ਲੇਬਰ ਕੋਡ ਰੱਦ ਕਰਨੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨੀ, ਸਕੀਮ ਵਰਕਰਾਂ ਨੂੰ ਪੱਕੇ ਕਰਨਾ, ਘੱਟੋ-ਘੱਟ ਉਜਰਤਾਂ 26000 ਰੁਪਏ ਪ੍ਰਤੀ ਮਹੀਨਾ ਕਰਨਾ, ਮਹਿੰਗਾਈ ਰੋਕਣਾ, ਬੇਰੁਜ਼ਗਾਰੀ ਦੂਰ ਕਰਨਾ, ਸਿਹਤ, ਸਿੱਖਿਆ ਦਾ ਨਿਜੀਕਰਨ ਬੰਦ ਕਰਨਾ, ਨਰੇਗਾ ਅਧੀਨ ਕੰਮ 200 ਦਿਨ ਦੇਣਾ ਅਤੇ ਸ਼ਹਿਰਾਂ ਵਿੱਚ ਵੀ ਲਾਗੂ ਕਰਨਾ ਆਦਿ ਇਸ ਹੜਤਾਲ ਦੇ ਮੁੱਖ ਮੁੱਦੇ ਹਨ। ਆਗੂਆਂ ਵੱਲੋਂ ਪੰਜਾਬ ਦੇ ਹਰ ਇੱਕ ਅਦਾਰੇ ਦੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਕਿਹਾ ਕਿ ਹੜਤਾਲ ਦੀ ਤਿਆਰੀ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

## ਹੈਪੀ ਪਾਸੀਆ ਦੀ ਹਵਾਲਗੀ ਲਈ ਅਮਰੀਕਾ ਨਾਲ ਸੰਪਰਕ

**ਚੰਡੀਗੜ੍ਹ :** ਕੇਂਦਰੀ ਏਜੰਸੀਆਂ 

8-JULY-PAGE-1.qxd 7/7/2025 9:14 PM Page 2



## ਸ਼ਹੀਦ ਆਤਮਾ ਸਿੰਘ ਸਾਬਕਾ ਸੈਨਿਕ ਵਿੰਗ ਇਕਾਈ ਮਹਿਲ ਕਲਾਂ ਦੀ ਚੋਣ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਮਰ ਸ਼ਹੀਦ ਆਤਮਾ ਸਿੰਘ ਯਾਦਗਾਰੀ ਸਾਬਕਾ ਸੈਨਿਕ ਵਿੰਗ ਇਕਾਈ ਮਹਿਲ ਕਲਾਂ ਦੀ ਅਹਿਮ ਮੀਟਿੰਗ ਸੂਬੇਦਾਰ ਬਹਾਦਰ ਸਿੰਘ ਦੀ ਅਗਵਾਈ ਹੇਠ ਹੋਈ।ਇਸ ਮੌਕੇ ਇਕਾਈ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਪ੍ਰਧਾਨ ਕੁਲਵੰਤ ਸਿੰਘ ਫੌਜੀ, ਮੀਤ ਪ੍ਰਧਾਨ ਬਲਬੀਰ ਸਿੰਘ, ਖਜ਼ਾਨਚੀ ਬੱਗਾ ਸਿੰਘ, ਸਕੱਤਰ ਜਗਰੂਪ ਸਿੰਘ, ਮੁੱਖ ਸਲਾਹਕਾਰ ਬੰਟੀ ਸਿੰਘ ਚੁਣੇ ਗਏ।ਨਵੇਂ ਚੁਣੇ ਪ੍ਰਧਾਨ ਕੁਲਵੰਤ ਸਿੰਘ ਫੌਜੀ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਸਾਰਿਆਂ ਤੋਂ ਸਹਿਯੋਗ ਦੀ ਮੰਗ ਵੀ ਕੀਤੀ।ਪ੍ਰਧਾਨ ਫੌਜੀ ਨੇ ਦੱਸਿਆ ਕਿ 15 ਅਗਸਤ ਨੂੰ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਜਾਵੇਗਾ।ਇਸ ਮੌਕੇ ਸੇਵਾ ਮੁਕਤ ਹੋਈ ਸਮੁੱਚੀ ਕਮੇਟੀ ਨੂੰ ਵਧੀਆ ਸੇਵਾਵਾਂ ਨਿਭਾਉਣ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਸਰਪੰਚ ਸਰਬਜੀਤ ਸਿੰਘ ਸ਼ੰਭੂ ਨੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਗ੍ਰਾਮ ਪੰਚਾਇਤ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿਵਾਇਆ।ਇਸ ਮੌਕੇ ਸੂਬੇਦਾਰ ਜਗਰੂਪ ਸਿੰਘ, ਸੂਬੇਦਾਰ ਬਹਾਦਰ ਸਿੰਘ, ਹੰਸ ਰਾਜ, ਚੰਦ ਸਿੰਘ, ਗੁਰਮੇਲ ਸਿੰਘ, ਦਿਲਬਾਗ ਸਿੰਘ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਬਲਾਕ ਪੱਧਰੀ ਮੀਟਿੰਗ

**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਬਲਾਕ ਪੱਧਰੀ ਮੀਟਿੰਗ ਬਲਾਕ ਸਕੱਤਰ ਜਗਰੂਪ ਸਿੰਘ ਮਘਾਣੀਆ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਨੌਵੀਂ ਪਾਤਸ਼ਾਹੀ ਬੁਢਲਾਡਾ ਵਿਖੇ ਹੋਈ।ਇਸ ਵਿੱਚ ਪਿੰਡ ਕਮੇਟੀਆਂ ਦੇ ਪ੍ਰਧਾਨ ਸਕੱਤਰ ਤੇ ਹੋਰ ਆਗੂਆਂ ਨੇ ਭਾਗ ਲਿਆ।ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਦੱਸਿਆ ਕਿ 13 ਜੁਲਾਈ ਨੂੰ ਜਥੇਬੰਦੀ ਦੇ ਬਾਨੀ ਪ੍ਰਧਾਨ ਬਲਕਾਰ ਸਿੰਘ ਡਕੌਂਦਾ ਦੀ ਬਰਸੀ ਕਾਰਪੋਰੇਟ ਵਿਰੋਧੀ ਤੇ ਜਬਰ ਵਿਰੋਧੀ ਦਿਵਸ ਵਜੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅਖਾੜਾ ਵਿਖੇ ਮਨਾਈ ਜਾਵੇਗੀ। ਕਾਰਪੋਰੇਟ ਘਰਾਣਿਆਂ ਵਾਸਤੇ ਲੈਂਡ ਬੈਂਕ ਬਣਾਉਣ ਲਈ ਕਲੌਨੀਆਂ ਕੱਟਣ ਦੇ ਬਹਾਨੇ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਮਾਨਸਾ ਜ਼ਿਲ੍ਹੇ ਦੇ ਪਿੰਡ ਠੂਠਿਆਂਵਾਲੀ ਵਿਖੇ ਵੀ ਜਿਸਦਾ ਸਖਤ ਵਿਰੋਧ ਕੀਤਾ ਜਾਵੇਗਾ।ਇਸੇ ਤਰ੍ਹਾਂ ਅਮਰੀਕਾ ਨਾਲ ਟੈਕਸ ਮੁਕਤ ਵਪਾਰ ਸਮਝੌਤਿਆਂ ਦੀ ਚੱਲ ਰਹੀ ਗੱਲਬਾਤ ਦੌਰਾਨ ਖੇਤੀ ਤੇ ਡੇਅਰੀ ਖ਼ੇਤਰ ਨੂੰ ਬਹੁਕੌਮੀ ਕੰਪਨੀਆਂ ਵਾਸਤੇ ਖੋਲ੍ਹਣ ਦਾ ਖਤਰਾ ਦੇਸ਼ ਦੇ ਸਿਰ 'ਤੇ ਖੜ੍ਹਾ ਹੈ।ਡੈਮ ਸੇਫਟੀ ਐਕਟ, ਕੌਮੀ ਖੇਤੀ ਮੰਡੀਕਰਨ ਨੀਤੀ, ਨਵੀਂ ਕੌਮੀ ਸਿੱਖਿਆ ਨੀਤੀ ਤੇ ਜਲ ਸੋਧ ਐਕਟ ਮੜ੍ਹ ਕੇ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ ਹਨ।ਮੀਟਿੰਗ ਨੇ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਕਿ ਪ੍ਰਦੂਸ਼ਣ ਫੈਲਾਉਣ ਵਾਲੀਆਂ ਗੈਸ ਫੈਕਟਰੀਆਂ ਵਿਰੋਧੀ ਘੋਲ ਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਕਿਸਾਨਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਚੱਲ ਰਹੇ ਘੋਲ ਤੇ ਸਰਕਾਰ ਵੱਲੋਂ ਕੀਤੇ ਜਬਰ ਦਾ ਜਥੇਬੰਦਕ ਤਾਕਤ ਰਾਹੀਂ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ ਤੇ 9 ਜੁਲਾਈ ਨੂੰ ਟਰੇਡ ਯੂਨੀਅਨਾਂ ਵੱਲੋਂ, ਜੋ ਭਾਰਤ ਪੱਧਰੀ ਹੜਤਾਲ ਦਾ ਸੱਦਾ ਦਿੱਤਾ ਹੋਇਆ ਹੈ, ਉਸ ਦੀ ਹਮਾਇਤ ਕੀਤੀ ਜਾਵੇਗੀ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਜਨਰਲ ਸਕੱਤਰ ਤਾਰਾ ਚੰਦ ਬਰੇਟਾ, ਜ਼ਿਲ੍ਹਾ ਖਜ਼ਾਨਚੀ ਦੇਵੀ ਰਾਮ ਰੰਘੜਿਆਲ, ਜ਼ਿਲ੍ਹਾ ਆਗੂ ਗੁਰਜੰਟ ਸਿੰਘ ਮਘਾਣੀਆ, ਬਲਾਕ ਸੀਨੀਅਰ ਮੀਤ ਪ੍ਰਧਾਨ ਤੇਜ ਰਾਮ, ਅਹਿਮਦਪੁਰ ਬਲਾਕ ਜਨਰਲ ਸਕੱਤਰ ਮੇਲਾ ਸਿੰਘ ਦਿਆਲਪੁਰਾ, ਮੀਤ ਪ੍ਰਧਾਨ ਤਰਸੇਮ ਸਿੰਘ ਚੱਕ ਅਲੀਸ਼ੇਰ ਤੇ ਨਛੱਤਰ ਸਿੰਘ ਅਹਿਮਦਪੁਰ ਬਲਾਕ ਖਜ਼ਾਨਚੀ, ਜਗਜੀਵਨ ਸਿੰਘ ਹਸਨਪੁਰ ਆਦਿ ਹਾਜ਼ਰ ਸਨ।

## ਖਾਟੂ ਸ਼ਿਆਮ ਸੰਕੀਰਤਨ ਸਮਾਗਮ ਉਤਸ਼ਾਹ ਨਾਲ ਹੋਇਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਮਸਤ ਸ਼ਿਆਮ ਮੰਡਲ ਵੱਲੋਂ ਦੇਵਦਸ਼ਮੀ ਇਕਾਦਸ਼ੀ ਦੇ ਪਵਿੱਤਰ ਮੌਕੇ 'ਤੇ ਸ੍ਰੀ ਸਨਾਤਨ ਧਰਮ ਮੰਦਰ ਵਿਖੇ ਸ੍ਰੀ ਖਾਟੂ ਸ਼ਿਆਮ ਸੰਕੀਰਤਨ ਸਮਾਗਮ ਬੜੇ ਧਾਰਮਿਕ ਉਤਸ਼ਾਹ ਤੇ ਸ਼ਰਧਾ ਨਾਲ ਆਯੋਜਤ ਕੀਤਾ ਗਿਆ।ਸੰਕੀਰਤਨ ਸਮਾਗਮ ਦੌਰਾਨ ਪ੍ਰਸਿੱਧ ਭਜਨ ਗਾਇਕਾ ਮੀਨੂੰ ਅਰੋੜਾ (ਗੋਬਿੰਦਗੜ੍ਹ) ਨੇ ਮਧੁਰ ਆਵਾਜ਼ ਵਿੱਚ ਸ੍ਰੀ ਖਾਟੂ ਸ਼ਿਆਮ ਜੀ ਦੇ ਸੁੰਦਰ ਭਜਨਾਂ ਦੀ ਰਸਮਈ ਪੇਸ਼ਕਸ਼ ਕਰਕੇ ਸਾਰਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਤਸ਼ਾਹਤ ਕੀਤਾ ਤੇ ਉਪਰੋ ਬਲੀ ਸ੍ਰੀ ਬਾਲਾ ਜੀ ਅਤੇ ਸ੍ਰੀ ਖਾਟੂ ਜੀ ਸ਼ਿਆਮ ਦੇ ਭਜਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਸਮਾਗਮ ਦੌਰਾਨ ਸੈਂਕੜੇ ਸ਼ਰਧਾਲੂਆਂ ਨੇ ਹਾਜ਼ਰੀ ਲਾ ਕੇ ਸ੍ਰੀ ਸ਼ਿਆਮ ਜੀ ਦੇ ਚਰਨਾਂ 'ਚ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਕੀਤਾ।

## ਪੀਰ ਨਿਗਾਹੇ ਦੇ ਦਰਸ਼ਨਾਂ ਲਈ ਤੀਜੀ ਬੱਸ ਰਵਾਨਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸੇਵਾਦਾਰ ਕੋਟਲਾ ਸਰਕਾਰ ਦੇ ਸੇਵਾ ਸਮਿਤੀ ਗਿੱਦੜਬਾਹਾ ਵੱਲੋਂ ਤੀਜੀ ਬੱਸ ਨੂੰ ਪੀਰ ਨਿਗਾਹੇ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ।ਇਸ ਸੰਬੰਧੀ ਮੁੱਖ ਪ੍ਰਬੰਧਕ ਬਾਬਾ ਦਲਜੀਤ ਤੇ ਹੈਪੀ ਕਟਾਰੀਆ ਨੇ ਦੱਸਿਆ ਕਿ ਅੱਜ 42 ਸ਼ਰਧਾਲੂਆਂ ਦੇ ਜੱਥੇ ਵਾਲੀ ਬੱਸ ਨੂੰ ਬਾਬਾ ਡਿੰਪਲ ਸਿੰਗਲਾ, ਬਾਬਾ ਕਾਲਾ ਸਿੰਗਲਾ, ਬਾਬਾ ਬਾਗੜ ਤੇ ਪੀਰਖਾਨਾ ਕਮੇਟੀ ਦੇ ਪ੍ਰਧਾਨ ਪਿਆਰੇ ਲਾਲ ਮਿੱਤਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਜਤਿਨ ਕੁਮਾਰ, ਪਰਮਵੀਰ ਤੇ ਮੋਹਿਤ ਗਰਗ ਆਦਿ ਮੌਜੂਦ ਸਨ।

## ਮਾਡਰਨ ਕਾਲਜ ਬੀਰ ਕਲਾਂ ਵਿਖੇ ਵਣ-ਮਹਾਂਉਤਸਵ ਮਨਾਇਆ

**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ ਇੰਸਟੀਚਿਊਟ ਬੀਰ ਕਲਾਂ ਵਿਖੇ ਵਣ ਮਹਾਉਤਸਵ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਦੱਸਿਆ ਕਿ ਐੱਨਸੀਟੀਈ ਨਵੀਂ ਦਿੱਲੀ ਦੀਆਂ ਹਦਾਇਤਾਂ ਮੁਤਾਬਕ 1 ਜੁਲਾਈ ਤੋਂ 7 ਜੁਲਾਈ ਤੱਕ ਪੂਰੇ ਦੇਸ਼ ਅੰਦਰ ਵਣ ਮਹਾਉਤਸਵ ਮਨਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਕਾਲਜ ਵਿਖੇ ਵਣ ਮਹਾਉਤਸਵ ਨਾਲ ਸੰਬੰਧਤ ਕਾਲਜ ਦੇ ਵਿਦਿਆਰਥੀਆਂ ਵੱਲੋਂ ਚਾਰਟ ਬਣਾਏ ਗਏ ਅਤੇ ਕਾਲਜ ਕੈਂਪਸ ਵਿਖੇ ਪੌਦੇ ਵੀ ਲਗਾਏ ਗਏ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਕਿਹਾ ਕਿ ਇੱਕ ਸਾਫ ਸੁਥਰੇ ਵਾਤਾਵਰਨ ਲਈ ਰੁੱਖਾਂ ਦਾ ਇੱਕ ਅਹਿਮ ਯੋਗਦਾਨ ਹੈ, ਇਸ ਲਈ ਸਾਨੂੰ ਨਵੇਂ ਰੁੱਖ ਲਗਾਉਣਾ ਤੇ ਰੁੱਖਾਂ ਦੇ ਸਾਂਭ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਸਮਾਜ ਸੇਵੀ ਸੋਨੂ ਸੇਠੀ ਐਕਸੀਲੈਂਸ ਐਵਾਰਡ ਨਾਲ ਸਨਮਾਨਤ

**ਦੋਰਾਹਾ (ਹਰਮਿੰਦਰ ਸੇਠ)**-ਪਿਛਲੇ ਦਿਨੀਂ ਦੋਰਾਹੇ ਦੇ ਜਮਪਲ ਸਮਾਜ ਸੇਵੀ ਸੋਨੂ ਸੇਠੀ ਨੂੰ ਸਮਾਜ ਸੇਵਾ ਵਿੱਚ ਆਪਣੀਆਂ ਸੇਵਾਵਾਂ ਦਿੰਦੇ ਹੋਏ ਮਸ਼ਹੂਰ ਅਦਾਕਾਰ ਚੰਕੀ ਪਾਂਡੇ ਵੱਲੋਂ ਐਕਸੀਲੈਂਸ ਅਵਾਰਡ ਆਫ ਇੰਡੀਆ ਨਾਲ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੋਨੂ ਸੇਠੀ ਦੋਰਾਹੇ ਦੇ ਰਹਿਣ ਵਾਲੇ ਹਨ ਤੇ ਹੁਣ ਆਪਣਾ ਬਿਜ਼ਨੈੱਸ ਜ਼ੀਰਕਪੁਰ ਵਿਖੇ ਸੇਠੀ ਢਾਬੇ ਦੇ ਨਾਮ ਤੋਂ ਚਲਾਉਂਦੇ ਹਨ, ਜਿਨ੍ਹਾਂ ਨੇ ਦੋਰਾਹੇ ਸ਼ਹਿਰ ਦਾ ਨਾਮ ਰੋਸ਼ਨ ਕਰਦੇ ਹੋਏ ਪਿਛਲੇ 15 ਸਾਲਾਂ ਤੋਂ ਤਿੰਨ ਫਰੀ ਮੈਡੀਕਲ ਐਂਬੂਲੈਂਸਾਂ ਦੀ ਸੇਵਾ ਜ਼ੀਰਕਪੁਰ ਵਿੱਚ ਜਾਰੀ ਰੱਖੀ ਹੋਈ ਹੈ, ਜਿਸ ਵਿੱਚ ਸੋਨੂੰ ਸੇਠੀ ਹੁਣ ਤੱਕ ਸੈਂਕੜੇ ਲਾਵਾਰਿਸ ਲਾਸ਼ਾਂ ਦੇ ਸਸਕਾਰ ਤੇ ਉਸ ਤੋਂ ਇਲਾਵਾ ਹਜ਼ਾਰਾਂ ਜ਼ਖਮੀ ਲੋਕਾਂ ਨੂੰ ਹਸਪਤਾਲਾਂ ਵਿੱਚ ਛੱਡ ਕੇ ਆ ਚੁੱਕਾ ਹੈ ਅਤੇ ਕਈ ਲਾਵਾਰਿਸ ਤੇ ਮੰਦਬੁੱਧੀ ਲੋਕਾਂ ਨੂੰ ਅਨਾਥ ਆਸ਼ਰਮ ਵਿੱਚ ਵੀ ਛੱਡ ਕੇ ਆ ਚੁੱਕਾ ਹੈ।ਇਸ ਤੋਂ ਇਲਾਵਾ ਨਸ਼ਿਆਂ ਖਿਲਾਫ ਅਭਿਆਨ, ਰੁੱਖ ਲਗਾਓ ਅਭਿਆਨ, ਕਰੋਨਾ ਮਹਾਂਮਾਰੀ ਦੌਰਾਨ ਆਪਣੀਆਂ ਸੇਵਾਵਾਂ ਵਾਸਤੇ ਕਈ ਵਾਰੀ ਪੰਜਾਬ ਸਰਕਾਰ ਵੱਲੋਂ ਸਨਮਾਨਤ ਹੋ ਚੁੱਕਾ ਹੈ।ਇਸ ਮੌਕੇ ਗੱਲ ਕਰਦਿਆਂ ਸੋਨੂ ਸੇਠੀ ਨੇ ਦੋਰਾਹਾ ਸ਼ਹਿਰ ਦੇ ਆਪਣੇ ਪੁਰਾਣੇ ਦੋਸਤਾਂ ਮਿੱਤਰਾਂ ਦਾ ਬਹੁਤ ਧੰਨਵਾਦ ਕੀਤਾ।

## ਹੜ੍ਹਾਂ ਦੇ ਸੰਭਾਵੀ ਨੁਕਸਾਨ ਕਾਰਨ ਸਮਾਣਾ ਤੇ ਸਨੌਰ ਦੇ ਲੋਕਾਂ 'ਚ ਦਹਿਸ਼ਤ ਦਾ ਮਾਹੌਲ : ਰਾਜਿੰਦਰ ਸਿੰਘ

**ਪਟਿਆਲਾ (ਰਾਜਿੰਦਰ ਬਿੰਦ)**

ਪਟਿਆਲ਼ਾ ਦੀ ਛੋਟੀ ਤੇ ਵੱਡੀ ਨਦੀ ਤੇ ਮੀਰਾਂਪੁਰ ਚੋਅ ਦੀ ਜੋ ਸਫ਼ਾਈ ਕਈ ਮਹੀਨੇ ਪਹਿਲਾਂ ਹੋ ਜਾਣੀ ਚਾਹੀਦੀ ਸੀ, ਉਹ ਮਾਨਸੂਨ ਦੀ ਬਰਸਾਤ ਸ਼ੁਰੂ ਹੋਣ ਦੇ ਬਾਵਜੂਦ ਨਹੀਂ ਕੀਤੀ ਗਈ।ਚੋਅ 'ਚ ਬਰਸਾਤੀ ਪਾਣੀ ਮੌਕੇ ਜੰਮੀ ਗਾਦ ਤੇ ਬੂਟੀ ਰੁੜ੍ਹ ਕੇ ਪੁਲੀਆਂ ਜਾਂ ਸੌੜੇ ਥਾਂਵਾਂ 'ਤੇ ਡਾਫ਼ ਲਾ ਦਿੰਦੀ ਹੈ, ਜਿਸ ਕਾਰਨ ਵਿਧਾਨ ਸਭਾ ਹਲਕਾ ਸਨੌਰ ਤੇ ਵਿਧਾਨ ਸਭਾ ਹਲਕਾ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰਭਵਿੱਖ ਵਿੱਚ ਆਉਣ ਵਾਲੇ ਹੜ੍ਹਾਂ ਦੇ ਹੋਣ ਵਾਲੇ ਨੁਕਸਾਨ ਨੂੰ ਲੈ ਕੇ ਦਹਿਸਤ ਦਾ ਮਾਹੌਲ ਬਣਿਆ ਹੋਇਆ ਹੈ, ਪ੍ਰੰਤੂ ਪ੍ਰਸ਼ਾਸਨ ਅਤੇ ਮੌਕੇ ਦੇ ਹਾਕਮਾਂ ਵੱਲੋਂ ਇਨ੍ਹਾਂ ਨਦੀਆਂ ਦੀ ਸਫਾਈ ਵੱਲ ਅਜੇ ਤੱਕ ਕੋਈ ਧਿਆਨ ਨਹੀ ਦਿੱਤਾ ਗਿਆ, ਜਿਸ ਕਰਕੇ ਇਨ੍ਹਾਂ ਨਦੀਆਂ ਤੇ ਮੀਰਾਂਪੁਰ ਚੋਅ ਦੇ ਨਾਲ ਲਗਦੇ ਸੈਂਕੜੇ ਪਿੰਡਾਂ ਦੀ ਝੋਨੇ ਦੀ ਫ਼ਸਲ ਹੜ੍ਹ ਮੌਕੇ ਖ਼ਰਾਬ ਹੋਣ ਦਾ ਖ਼ਤਰਾ ਮੰਡਰਾਉਣ ਲੱਗਾ ਹੈ।

ਕਿਸਾਨਾਂ ਦੇ ਮਨਾਂ 'ਚ ਵੀ ਫ਼ਸਲ ਖ਼ਰਾਬ ਹੋਣ ਦੇ ਖ਼ਤਰੇ ਦਾ ਡਰ ਬਣ ਗਿਆ ਹੈ।ਸਾਬਕਾ ਵਿਧਾਇਕ ਤੇ ਸੀਨਿਅਰ ਆਗੂ ਰਾਜਿੰਦਰ ਸਿੰਘ ਸਮਾਣਾ ਵੱਲੋਂ ਦਰਜਨਾਂ ਕਾਂਗਰਸੀ ਆਗੂਆਂ ਨੂੰ ਨਾਲ ਲੈ ਕੇ ਪਟਿਆਲ਼ਾ ਦੀ ਛੋਟੀ ਤੇ ਵੱਡੀ ਨਦੀ ਦਾ ਦੌਰਾ ਕੀਤਾ ਗਿਆ। ਰਾਜਿੰਦਰ ਸਿੰਘ ਨੇ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਮੌਕੇ ਇਹਨਾ ਨਦੀਆਂ ਨਾਲਿਆਂ ਦੀ ਸਫ਼ਾਈ ਤੇ ਡੇਢ ਕਰੋੜ ਰਕਮ ਖਰਚ ਕੀਤੀ ਗਈ ਸੀ, ਪ੍ਰੰਤੂ ਆਪ ਸਰਕਾਰ ਨੇ ਪਿਛਲੇ 3 ਸਾਲ ਦੌਰਾਨ ਇਸ ਕੰਮ 'ਤੇ ਫੁੱਟੀ ਕੌਡੀ ਵੀ ਖਰਚ ਕੀਤੀ।

ਪਿੰਡਾਂ ਦਾ ਦੌਰਾ ਕਰਨ ਉਪਰੰਤ ਸਾਬਕਾ ਵਿਧਾਇਕ ਤੇ ਕਾਂਗਰਸ ਦੇ ਹਲਕਾ ਇੰਚਾਰਜ ਸਮਾਣਾ ਰਜਿੰਦਰ ਸਿੰਘ ਨੇ ਕਿਹਾ ਕਿ ਘੱਗਰ ਤੇ ਚੋਏ ਤੇ ਪਟਿਆਲ਼ਾ ਨਦੀਆਂ ਦੇ ਨਾਲ ਪੈਂਦੇ ਪਿੰਡਾਂ ਦੇ ਲੋਕ ਪਿਛਲੇ ਕਈ ਦਹਾਕਿਆਂ ਤੋਂ ਹੜ੍ਹਾਂ ਦੀ ਮਾਰ ਝੱਲਦੇ ਆ ਰਹੇ ਹਨ, ਜਿਸ ਕਰਕੇ ਇਨ੍ਹਾਂ ਕਿਸਾਨਾਂ ਦੀ ਪਹਿਲਾਂ ਹੀ ਆਰਥਿਕ ਹਾਲਤ ਬਦਹਾਲੀ ਵਾਲੀ ਬਣੀ ਹੋਈ ਹੈ।ਇਸ ਕਰਕੇ ਇਸ ਵਾਰ ਵੀ ਵਧੇਰੇ ਬਰਸਾਤਾਂ ਦੀ ਪੇਸ਼ੀਨਗੋਈ ਕਾਰਨ ਕਿਸਾਨਾਂ 'ਚ ਹੜ੍ਹਾਂ ਦਾ ਡਰ ਪਹਿਲਾਂ ਹੀ ਬਣਿਆ ਹੋਇਆ ਹੈ ਤੇ ਮੀਰਾਂਪੁਰ ਚੋਏ ਅਤੇ ਨਦੀਆਂ ਨਾਲ ਲੱਗਦੇ ਕਿਸਾਨ ਇਸ ਗੱਲ ਤੋਂ ਹੋਰ ਪ੍ਰੇਸ਼ਾਨ ਹਨ ਕਿ ਨਦੀਆਂ ਅਤੇ ਚੋਏ ਦੀ ਸਫ਼ਾਈ ਸਮੇਂ ਸਿਰ ਨਹੀਂ ਹੋਈ।ਰਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਹੁਣ ਵੀ ਉਹ ਕਿਸਾਨਾਂ ਦੀ ਸਮੱਸਿਆ ਨੂੰ ਧਿਆਨ 'ਚ ਰੱਖਦੇ ਹੋਏ ਤੁਰੰਤ ਇਸ ਚੋਏ ਦੀ ਸਫ਼ਾਈ ਕਰਾਉਣ।

ਪਿੰਡ ਧਰਮਹੇੜੀ ਦੇ ਕਿਸਾਨ ਨੰਬਰਦਾਰ ਹਰਪਾਲ ਸਿੰਘ ਪ੍ਰਧਾਨ ਕਿਸਾਨ ਸੈੱਲ ਬਲਾਕ ਸਮਾਣਾ ਕਾਂਗਰਸ ਦਾ ਕਹਿਣਾ ਹੈ ਕਿ ਉਹ ਲੰਮੇ ਸਮੇਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਹਿਲਾਂ ਤੋਂ ਪਤਾ ਹੈ ਕਿ ਇਹ ਚੋਅ ਬਰਸਾਤਾਂ ਦੇ ਮੌਸਮ 'ਚ ਕਿਸਾਨਾਂ ਦਾ ਨੁਕਸਾਨ ਕਰਦਾ ਹੈ, ਪਰ ਇਸ ਦੇ ਬਾਵਜੂਦ ਅਜੇ ਤੱਕ ਇਸ ਦੀ ਸਫ਼ਾਈ ਨਹੀਂ ਹੋਈ।

## ਕਾਂਗਰਸ ਨੇ ਸਿਰਫ਼ ਨਹਿਰੂ ਦੀ ਕੁਰਸੀ ਲਈ ਪੰਜਾਬ ਦੀ ਜ਼ਮੀਨ, ਪਾਣੀ ਤੇ ਸ਼ਾਨ ਸੌਂਪ ਦਿੱਤੀ : ਤਲਵੰਡੀ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰ ਛੋਟੂ ਰਾਮ ਵੱਲੋਂ 1907 ਵਿੱਚ ਸਥਾਪਤ ਕਿਸਾਨ-ਹਿਤੈਸ਼ੀ ਸੰਸਥਾ ਆਲ ਇੰਡੀਆ ਜੱਟ ਮਹਾਂਸਭਾ ਦੀ ਉੱਚ ਪੱਧਰੀ ਪ੍ਰਤੀਨਿਧੀ ਮੰਡਲ ਨੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਰਾਜ ਭਵਨ, ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ।

ਪ੍ਰਤੀਨਿਧੀ 

8-July-PAGE-3.qxd 7/7/2025 10:43 PM Page 1



# ਨੈਸ਼ਨਲ ਹਾਈਵੇ 354 ਹੋਇਆ ਜਲ-ਥਲ; ਸੜਕ ਦੀ ਬਣਤਰ 'ਤੇ ਲੱਗਾ ਪ੍ਰਸ਼ਨ ਚਿੰਨ੍ਹ

## ਥੋੜਾ ਜਿਹਾ ਮੀਂਹ ਪੈਣ ਨਾਲ ਸੜਕ 'ਤੇ ਖੜ੍ਹਾ ਹੋ ਜਾਂਦਾ ਪਾਣੀ ਹੀ ਪਾਣੀ : ਚੇਅਰਮੈਨ ਛੀਨਾ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਵੱਲੋਂ ਅੰਮ੍ਰਿਤਸਰ ਖੇਮਕਰਨ ਨੈਸ਼ਨਲ ਹਾਈਵੇ 354 ਮਾਰਗ ਦਾ ਸਹੀ ਤਰੀਕੇ ਨਾਲ ਨਿਰਮਾਣ ਨਾ ਕਰਨ ਅਤੇ ਸੜਕ ਤੋਂ ਮੀਂਹ ਦੇ ਪਾਣੀ ਦੇ ਨਿਕਾਸ ਲਈ ਢੁੱਕਵੇਂ ਪ੍ਰਬੰਧ ਨਾ ਕੀਤੇ ਜਾਣ ਕਾਰਨ ਅੰਮ੍ਰਿਤਸਰ ਰੋਡ ਝਬਾਲ 'ਤੇ ਪੂਰੀ ਸੜਕ ਪਾਣੀ ਨਾਲ ਡੁੱਬਣ 'ਤੇ ਲੋਕ ਪ੍ਰੇਸ਼ਾਨ ਹੋਏ। ਵਾਲਮੀਕ ਸੇਵਾ ਸੋਸਾਇਟੀ ਦੇ ਚੇਅਰਮੈਨ ਰਾਜੂ ਛੀਨਾ ਫਰੈਂਡਜ਼ ਆਟੋ ਡੀਲਰ ਵਾਲਿਆਂ ਨੇ ਦੱਸਿਆ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਵੱਲੋਂ ਜਦ ਸੜਕ ਦਾ ਨਿਰਮਾਣ ਕੀਤਾ ਗਿਆ ਸੀ ਤਾਂ ਮੀਂਹ ਨਾਲ ਸੜਕ 'ਤੇ ਖੜ੍ਹੇ ਪਾਣੀ ਦੇ ਨਿਕਾਸ ਲਈ ਢੁਕਵੇਂ ਪ੍ਰਬੰਧ ਨਾ ਕੀਤੇ ਜਾਣ ਕਾਰਨ ਥੋੜਾ ਜਿਹਾ ਮੀਂਹ ਪੈਣ ਨਾਲ ਹੀ ਸੜਕ 'ਤੇ ਬਹੁਤ ਜ਼ਿਆਦਾ ਪਾਣੀ ਖੜ੍ਹਾ ਹੋ ਜਾਂਦਾ ਹੈ, ਜਿਸ ਕਰਕੇ ਸਾਨੂੰ ਘਰਾਂ ਜਾਂ ਦੁਕਾਨਾਂ ਦੇ ਅੰਦਰ ਬਾਹਰ ਜਾਣ ਮੌਕੇ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾਂ ਪੈਂਦਾ ਹੈ।ਅਨੇਕਾਂ ਜੀਵ ਜੰਤੂਆਂ ਤੋਂ ਇਲਾਵਾ ਪਾਣੀ 'ਚ ਮੱਛਰ ਪੈਦਾ ਹੋਣ ਨਾਲ ਡੇਂਗੂ ਤੇ ਹੋਰ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ।ਚੇਅਰਮੈਨ ਰਾਜੂ ਛੀਨਾ ਨੇ ਦੱਸਿਆ ਕਿ ਸਬੰਧਿਤ ਮਹਿਕਮੇ ਨੂੰ ਸ਼ਿਕਾਇਤ ਭੇਜ ਚੁੱਕੇ ਹਨ ਜਿਸ ਸਬੰਧੀ ਉਨ੍ਹਾਂ ਕੋਲ ਸ਼ਿਕਾਇਤ ਨੰਬਰ ਵੀ ਮੌਜੂਦ ਹੈ ਪਰ ਅਜੇ ਤੱਕ ਸਬੰਧਿਤ ਵਿਭਾਗ ਦੇ ਕਿਸੇ ਵੀ ਅਫਸਰ ਜਾਂ ਕਰਮਚਾਰੀ ਨੇ ਪਹੁੰਚ ਕੇ ਮੁਸ਼ਕਿਲ ਨੂੰ ਹੱਲ ਨਹੀਂ ਕੀਤਾ ।ਇੱਥੇ ਹੀ ਬੱਸ ਨਹੀਂ, ਬੋਹੜੂ ਪਟਰੋਲ ਪੰਪ ਦੇ ਲਾਗੇ ਵੀ ਸੜਕ ਬਿਲਕੁਲ ਮੁਕੰਮਲ ਨਹੀਂ ਹੈ ਜਿਸ ਕਾਰਨ ਉਥੇ ਵੱਡੇ-ਵੱਡੇ ਬਣੇ ਖੱਡੇ ਅਨੇਕਾਂ ਹਾਦਸਿਆਂ ਨੂੰ ਅੰਜਾਮ ਦੇ ਚੁੱਕੇ ਹਨ।ਰਾਹਗੀਰ ਹਾਦਸਿਆਂ ਦੇ ਸ਼ਿਕਾਰ ਹੁੰਦੇ ਹਨ।ਕੁਲ ਮਿਲਾ ਕੇ ਨੈਸ਼ਨਲ ਹਾਈਵੇ ਅਥਾਰਟੀ ਇੰਡੀਆ ਵੱਲੋਂ ਸੜਕ ਨਿਰਮਾਣ ਵਿੱਚ ਛੱਡੀਆਂ ਅਨੇਕਾਂ ਤਰੁੱਟੀਆਂ ਕਾਰਨ ਰੋਡ ਪੂਰਾ ਮੁਕੰਮਲ ਨਹੀਂ ਲੱਗਦਾ। ਇਸ ਸਬੰਧੀ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੇ ਅਧਿਕਾਰੀ ਸੰਦੀਪ ਕੁਮਾਰ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਜੋ ਪਟਰੋਲ ਪੰਪ ਬੋਹੜੂ ਨਜ਼ਦੀਕ ਸੜਕ ਤੇ ਰੰਦੇ ਪਾਣੀ ਨਾਲ ਖੱਡੇ ਬਣੇ ਹਨ।ਉਹ ਕਿਸਾਨਾਂ ਵੱਲੋਂ ਰੋਡ ਨਜ਼ਦੀਕ ਪਾਣੀ ਲਈ ਨਾਲਾ ਨਾ ਬਣਾਉਣ ਦੀ ਵਜ੍ਹਾ ਨਾਲ ਹੈ ਪਰ ਉਸਦਾ ਪਾਣੀ ਇੰਬਨ ਨਜ਼ਦੀਕ ਬਣ ਰਹੇ ਬਾਈਪਾਸ ਪੁਲ ਦੀਆਂ ਪਾਈਪਾਂ ਵਿੱਚ ਪਾਇਆ ਜਾਵੇਗਾ।ਰੋਡ ਬਿਲਕੁਲ ਸਾਫ਼ ਬਣਾ ਦਿੱਤਾ ਜਾਵੇਗਾ।ਜਦਕਿ ਕਸਬਾ ਝਬਾਲ ਦੇ ਅੰਮ੍ਰਿਤਸਰ ਰੋਡ 'ਤੇ ਸੜਕ 'ਤੇ ਮੀਂਹ ਨਾਲ ਖੜਦੇ ਪਾਣੀ ਦੀ ਸਮੱਸਿਆ ਨੂੰ ਐਤਵਾਰ ਸਵੇਰੇ ਵੇਖ ਕੇ ਨਜ਼ਦੀਕ ਰਹਿੰਦੇ ਲੋਕਾਂ ਦੀ ਸਲਾਹ ਲੈ ਕੇ ਉਸਦਾ ਕੋਈ ਹੱਲ ਕੱਢਿਆ ਜਾਵੇਗਾ।

# ਮੁੱਖ ਗੰਥੀ ਗਿਆਨੀ ਰਘਬੀਰ ਸਿੰਘ ਨੇ ਜਥੇਦਾਰ ਗੜਗੱਜ ਨੂੰ ਦਿੱਤਾ ਪੂਰਨ ਸਮਰਥਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੀ ਹਾਜ਼ਰੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਰੋਪਾਓ, ਫੁੱਲਾਂ ਦਾ ਸਿਹਰਾ ਅਤੇ ਪ੍ਰਸ਼ਾਦ ਦੇ ਕੇ ਸਮਨਾਨਿਤ ਕੀਤਾ ਗਿਆ।ਗਿਆਨੀ ਰਘਬੀਰ ਸਿੰਘ ਨੇ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕਰਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪ੍ਰਸ਼ਾਦ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਾਮਲੇ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਈ ਵੀ ਗਿਆਨੀ ਰਘਬੀਰ ਸਿੰਘ ਵੱਲੋਂ ਪੂਰਨ ਸਹਿਯੋਗ ਦੇਣ ਦਾ ਅਕਾਲ ਤਖਤ ਸਕੱਤਰੇਤ ਵੱਲੋਂ ਦਾਅਵਾ ਕੀਤਾ ਗਿਆ ਹੈ।ਪੰਜ ਪਿਆਰਿਆਂ ਦੀ ਇਕੱਤਰਤਾ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਿੰਘ ਸਾਹਿਬਾਨ-ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ ਅਤੇ ਗਿਆਨੀ ਕੇਵਲ ਸਿੰਘ ਨੇ ਸ਼ਮੂਲੀਅਤ ਕੀਤੀ। ਸ੍ਰੀ ਅਕਾਲ ਤਖਤ 'ਤੇ ਮੀਰੀ ਪੀਰੀ ਸਥਾਪਨਾ ਦਿਵਸ ਮਨਾਇਆ ਗਿਆ ਤੇ ਜਦੋਂ ਭਾਈ ਕੁਲਦੀਪ ਸਿੰਘ ਗੜਗੱਜ ਨੇ ਬੋਲਣਾ ਸ਼ੁਰੂ ਕੀਤਾ ਤਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਉਠ ਕੇ ਚੱਲਦੇ ਬਣੇ ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਭਾਈ ਕੁਲਦੀਪ ਸਿੰਘ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ ਤੇ ਉਨ੍ਹਾਂ ਨੇ ਅੱਜ ਤੱਕ ਆਪਣੇ ਕਿਸੇ ਵੀ ਭਾਸ਼ਣ ਵਿੱਚ ਭਾਈ ਕੁਲਦੀਪ ਸਿੰਘ ਗੜਗੱਜ ਦਾ ਨਾਂਅ ਤਕ ਨਹੀਂ ਲਿਆ ਅਤੇ ਨਾ ਹੀ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਹੈ।

# ਮਾਨਸੂਨ ਸੀਜ਼ਨ ਦੌਰਾਨ ਜ਼ਿਲੇ 'ਚ 3 ਲੱਖ ਬੂਟੇ ਲਗਾਏ ਜਾਣ ਦਾ ਟੀਚਾ : ਡਿਪਟੀ ਕਮਿਸ਼ਨਰ

**ਅਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਵਰਧਮਾਨ ਸਟੀਲ ਕੰਪਨੀ ਲਿਮਟਿਡ ਅਤੇ ਇਕੋ ਸਿੱਖ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਿਆਂਵਾਕੀ ਜੰਗਲ ਬਣਾਉਣ ਲਈ 1100 ਬੂਟੇ ਲਗਾਏ ਗਏ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਪ੍ਰਬੰਧਕੀ ਕੰਪਲੈਕਸ ਵਿਖੇ ਭਾਵੇ ਜਗ੍ਹਾ ਘੱਟ ਹੈ ਪਰ ਇਥੇ ਵੀ ਮਿੰਨੀ ਮਿਆਂਵਾਕੀ ਜੰਗਲ ਬਣਾਇਆ ਜਾਵੇਗਾ ਅਤੇ ਆਉਂਦੇ 8-10 ਮਹੀਨਿਆਂ ਵਿਚ ਇਹ ਬਣ ਕੇ ਤਿਆਰ ਹੋ ਜਾਵੇਗਾ।ਉਨ੍ਹਾਂ ਦੱਸਿਆ ਕਿ ਆਮ ਲੋਕ ਵੀ ਇਸ ਨਾਨਕ ਬਗੀਚੀ ਵਾਂਗ ਆਪਣੇ ਪਲਾਟਾਂ ਜਾ ਹੋਰ ਥਾਵਾਂ 'ਤੇ ਮਿਆਂਵਾਕੀ ਜੰਗਲ ਬਣਾ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਦੌਰਾਨ ਜ਼ਿਲੇ ਵਿਚ ਕਰੀਬ 3 ਲੱਖ ਬੂਟੇ ਲਗਾਏ ਜਾਣਗੇ।ਉਨ੍ਹਾਂ ਕਿਹਾ ਕਿ ਹੀਟ ਮੈਪ ਦੀ ਵਰਤੋਂ ਕਰਦੇ ਹੋਏ ਪਹਿਲਾਂ ਉਨ੍ਹਾਂ ਥਾਵਾਂ ਦੀ ਸ਼ਨਾਖਤ ਕੀਤੀ ਗਈ ਹੈ ਜਿਥੇ ਧਰਤੀ ਦੀ ਸਤਹ ਦਾ ਤਾਪਮਾਨ ਜ਼ਿਆਦਾ ਹੈ।ਉਨ੍ਹਾਂ ਕਿਹਾ ਕਿ ਕਈ ਥਾਵਾਂ ਤੇ ਧਰਤੀ ਦੀ ਸਤਹ ਦਾ ਤਾਪਮਾਨ 50 ਡਿਗਰੀ ਤੋਂ ਵੀ ਵਧੇਰੇ ਪਾਇਆ ਗਿਆ ਹੈ ਅਤੇ ਇਨ੍ਹਾਂ ਥਾਵਾਂ ਤੇ ਵਧੇਰੇ ਬੂਟੇ ਲਗਾ ਕੇ ਧਰਤੀ ਦੇ ਸਤਹ ਦੇ ਤਾਪਮਾਨ ਨੂੰ ਘੱਟ ਕੀਤਾ ਜਾਵੇਗਾ, ਜਿਸਦਾ ਨਤੀਜਾ ਆਉਣ ਵਾਲੇ ਗਰਮੀ ਦੇ ਸ਼ੀਜਨ ਵਿਚ ਵੇਖਣ ਨੂੰ ਮਿਲੇਗਾ।ਉਨ੍ਹਾਂ ਦੱਸਿਆ ਕਿ ਮੀਆਂਵਾਕੀ ਜੰਗਲ ਜਪਾਨੀ ਸਾਇੰਸਦਾਨ ਅਕੀਰਾ ਮੀਆਂਵਾਕੀ ਵੱਲੋਂ ਵਿਕਸਿਤ ਕੀਤੀ ਇੱਕ ਵਿਗਿਆਨਿਕ ਵਿਧੀ ਹੈ, ਜਿਸ ਰਾਹੀ ਸ਼ਹਿਰੀ ਖੇਤਰ ਵਿੱਚ ਘੱਟ ਜ਼ਮੀਨ ਉਪਰ ਵੀ ਵਧੀਆ ਕਿਸਮ ਦਾ ਜੰਗਲ ਉਸਾਰਿਆ ਜਾ ਸਕਦਾ ਹੈ।ਸ਼੍ਰੀਮਤੀ ਸਾਹਨੀ ਨੇ ਦੱਸਿਆ ਕਿ ਵਰਧਮਾਨ ਸਟੀਲ ਕੰਪਨੀ ਲਿਮਟਿਡ ਵੱਲੋਂ ਮੀਆਂਵਾਕੀ ਜੰਗਲ ਵਿਖੇ ਹੋਰ 30 ਹਜ਼ਾਰ ਬੂਟੇ ਲਗਾਏ ਜਾ ਰਹੇ ਹਨ,ਜਿਸ ਨਾਲ ਸ਼ਹਿਰਵਾਸੀਆਂ ਨੂੰ ਭਰਪੂਰ ਮਾਤਰਾ ਵਿਚ ਆਕਸੀਜਨ ਮਿਲੇਗੀ। ਦੱਸਣ ਯੋਗ ਹੈ ਕਿ ਇਹ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਦੁਆਰਾ ਬਣਾਇਆ ਗਿਆ ਅੱਠਵਾਂ ਜੰਗਲ ਹੈ ਅਤੇ ਅੰਮ੍ਰਿਤਸਰ ਦੇ ਸਭ ਤੋਂ ਵੱਡੇ ਮੀਆਵਾਕੀ ਜੰਗਲਾਂ ਵਿੱਚੋਂ ਇੱਕ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਮ ਲੋਕ ਵੀ ਬੂਟੇ ਲਗਾਉਣ ਲਈ ਅੱਗੇ ਆ ਰਹੇ ਹਨ, ਉਨ੍ਹਾਂ ਕਿਹਾ ਕਿ ਜਿਹੜੇ ਵੀ ਆਮ ਲੋਕ ਵਾਤਾਵਰਣ ਦੀ ਸੰਭਾਲ ਲਈ ਬੂਟੇ ਲਗਾ ਰਹੇ ਹਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨਗੇ ਜ਼ਿਲ੍ਹਾ ਪ੍ਰਸ਼ਾਸਨ ਸਰਟੀਫਿਕੇਟ ਦੇ ਕੇ ਉਨ੍ਹਾਂ ਨੂੰ ਸਨਮਾਨਤ ਕਰੇਗਾ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਵਰਧਮਾਨ ਸਟੀਲ ਤੋਂ ਅਮਿਤ ਧਵਨ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਨਾਲ ਪੰਜਾਬ ਨੂੰ ਕੌਮੀ ਸਰਵੇਖਣ 'ਚ ਸਰਬਉੱਤਮ ਦਰਜਾ ਹਾਸਲ : ਸ਼ੈਰੀ ਕਲਸੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਯਤਨਾਂ ਸਦਕਾ ਭਾਰਤ ਸਰਕਾਰ ਵੱਲੋਂ ਪਰਖ ਰਾਸ਼ਟਰੀਆ ਸਰਵੇਖਣ (ਨੈਸ਼ਨਲ ਅਚੀਵਮੈਂਟ ਸਰਵੇ) ਵਿੱਚ ਪੰਜਾਬ ਨੇ ਸਰਬਉੱਤਮ ਦਰਜਾ ਹਾਸਲ ਕੀਤਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਸੂਬੇ ਨੇ ਨੈਸ਼ਨਲ ਅਚੀਵਮੈਂਟ ਸਰਵੇ-2024 ਵਿੱਚ ਸਰਬਉਤਮ ਪ੍ਰਦਰਸ਼ਨ ਕੀਤਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਅਧਿਆਪਕਾਂ ਦਾ ਸ਼ੋਸ਼ਣ ਕੀਤਾ ਸੀ, ਜਿਸ ਕਾਰਨ ਪੜ੍ਹਾਈ 'ਤੇ ਮਾੜਾ ਅਸਰ ਪਿਆ ਸੀ ਪਰ ਹੁਣ ਵੱਡਾ ਬਦਲਾਅ ਆਇਆ ਹੈ।ਉਨ੍ਹਾਂ ਕਿਹਾ ਕਿ ਐੱਨਏਐੱਸ ਵੱਡੀ ਪ੍ਰਾਪਤੀ ਹੈ ਪਰ ਇਹ ਉਨ੍ਹਾਂ ਦੀ ਸਰਕਾਰ ਦਾ ਅੰਤਮ ਟੀਚਾ ਨਹੀਂ ਹੈ ਕਿਉਂਕਿ ਉਨ੍ਹਾਂ ਦੀ ਸਰਕਾਰ ਹਰ ਨਾਗਰਿਕ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਸੀਂ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਗਾਰੰਟੀਆਂ ਪੂਰਾ ਕਰਨ ਵੱਲ ਤੇਜ਼ੀ ਨਾਲ ਅੱਗੇ ਵਧ ਰਹੇ ਹਾਂ।ਉਨ੍ਹਾਂ ਕਿਹਾ ਕਿ ਅਸੀਂ ਸਿਰਫ ਸਕੂਲ ਨਹੀਂ ਬਣਾਏ-ਅਸੀਂ ਭਵਿੱਖ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ ਸਰਵੇਖਣ ਭਾਰਤ ਸਰਕਾਰ ਦੁਆਰਾ ਕੀਤਾ ਗਿਆ ਸੀ, ਪੰਜਾਬ ਦੁਆਰਾ ਨਹੀਂ।ਉਨ੍ਹਾਂ ਨੇ ਕਿਹਾ ਕਿ ਇਹ ਦੇਸ਼ ਵਿਆਪੀ ਸਰਵੇਖਣ ਐੱਨਸੀਈਆਰਟੀ ਦੁਆਰਾ ਦਸੰਬਰ-2024 ਵਿੱਚ ਸੂਬਿਆਂ ਅਤੇ ਕੇਂਦਰ ਸਾਸਿਤ ਪ੍ਰਦੇਸ਼ਾਂ ਦੇ ਸਹਿਯੋਗ ਨਾਲ ਕੀਤਾ ਗਿਆ ਸੀ, ਜਿਸ ਵਿੱਚ ਭਾਰਤ ਦੇ ਹਜ਼ਾਰਾਂ ਵਿਦਿਆਰਥੀ ਸ਼ਾਮਲ ਸਨ।ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਸਾਡੇ ਬੱਚਿਆਂ ਲਈ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲ ਆਫ ਐਮੀਨੈਂਸ ਸਥਾਪਤ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀਅਗਵਾਈ ਵਾਲੀ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਆਪਣੀ ਕੋਸ਼ਿਸ਼ ਜਾਰੀ ਰੱਖੇਗੀ ਕਿ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਮਿਲੇ।

# ਪਿਰਥੀਪਾਲ ਸਿੰਘ ਮਾੜੀਮੇਘਾ ਵੱਲੋਂ ਢੋਟੀਆਂ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ

**ਚੋਹਲਾ ਸਾਹਿਬ (ਨਜ਼ਸ)**—ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਾਮਰੇਡ ਬੂਟਾ ਸਿੰਘ ਢੋਟੀਆਂ ਨਾਲ ਉਨ੍ਹਾਂ ਦੀ ਪਤਨੀ ਸਵਰਨ ਕੌਰ ਦੇ ਦਿਹਾਂਤ ਦਾ ਦੁੱਖ ਉਨ੍ਹਾਂ ਦੇ ਘਰ ਢੋਟੀਆਂ ਜਾ ਕੇ ਵੰਡਾਇਆ।ਇਸ ਪਰਿਵਾਰ ਨੇ ਅੱਤਵਾਦ ਦਾ ਦੁੱਖ ਬਹੁਤ ਝੱਲਿਆ ਪਰ ਡੋਲਿਆ ਨਹੀਂ, ਹੁਣ ਤੱਕ ਪਰਿਵਾਰ ਪਾਰਟੀ ਨਾਲ ਚੱਟਾਨ ਵਾਂਗ ਖਲੋਤਾ ਹੈ।ਇਸ ਪਰਿਵਾਰ ਦੇ ਚਾਰ ਮੈਂਬਰ ਫਿਰਕੂ ਦਰਿੰਦਿਆਂ ਨੇ ਸ਼ਹੀਦ ਕੀਤੇ ਸਨ। 25-26 ਅਗਸਤ 1988 ਦੀ ਰਾਤ ਨੂੰ ਫ਼ਿਰਕੂ ਦਰਿੰਦਿਆਂ ਨੇ ਉਨ੍ਹਾਂ ਦੇ ਘਰ 'ਤੇ ਹਮਲਾ ਕੀਤਾ ਸੀ ਜਿਸ ਵਿੱਚ ਕਾਮਰੇਡ ਦਿਲਬਾਗ ਸਿੰਘ ਜੋ ਬੂਟਾ ਸਿੰਘ ਦਾ ਭਰਾ ਅਤੇ ਸਰਬ ਭਾਰਤ ਨੌਜਵਾਨ ਸਭਾ ਦਾ ਸਰਗਰਮ ਵਰਕਰ ਸੀ, ਪ੍ਰਗਟ ਸਿੰਘ ਪਿੰਡ ਨੰਦਪੁਰ ਅਤੇ ਅਤੇ ਬਿੱਟੂ ਸਖੀਰਾ ਸ਼ਹੀਦੀਆਂ ਦਾ ਜਾਮ ਪੀ ਗਏ।ਇਸ ਹਮਲੇ ਵਿੱਚ ਬੂਟਾ ਸਿੰਘ ਦੇ ਮੂੰਹ ਦਾ ਇੱਕ ਹਿੱਸਾ ਗੋਲੀਆਂ ਨਾਲ ਉਡ ਗਿਆ ਸੀ ਪਰ ਉਸ ਦੀ ਜਾਨ ਬਚ ਗਈ।ਬੂਟਾ ਸਿੰਘ ਦੇ ਵੱਡੇ ਪੁੱਤਰ ਅਮਰਜੀਤ ਸਿੰਘ ਦੇ ਵੀ ਗੋਲੀ ਵੱਜੀ ਸੀ।ਇਸ ਘਟਨਾ ਤੋਂ ਬਾਅਦ ਵੀ ਫਿਰਕੂ ਦਰਿੰਦੇ ਚੈਨ ਨਾਲ ਨਾ ਬੈਠੇ।ਇੱਕ ਮਹੀਨੇ ਬਾਅਦ ਕਾਮਰੇਡ ਸੁੱਖਾ ਸਿੰਘ ਢੋਟੀਆਂ ਜੋ ਜੰਗਲ ਪਾਣੀ ਲਈ ਬਾਹਰ ਗਿਆ ਸੀ ਉਸ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ।ਮਾੜੀਮੇਘਾ ਨੇ ਕਿਹਾ ਕਿ ਕਮਿਊਨਿਸਟ ਕਦੀ ਡਰਦੇ ਨਹੀਂ ਤੇ ਨਾ ਗਲਤ ਕੰਮ ਕਰਨ ਵਾਲਿਆਂ ਅੱਗੇ ਝੁਕਦੇ ਹਨ।ਉਸ ਦੀ ਉਦਾਹਰਣ ਬੂਟਾ ਸਿੰਘ ਹੈ ਜੋ ਇਸ ਵੇਲੇ ਸੀ. ਪੀ. ਆਈ. ਦਾ ਜ਼ਿਲ੍ਹਾ ਕੌਂਸਲ ਮੈਂਬਰ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦਾ ਆਗੂ ਹੈ।ਬਾਕੀ ਦਾ ਪਰਿਵਾਰ ਵੀ ਕਮਿਊਨਿਸਟ ਹੈ ਅਤੇ ਲਗਾਤਾਰ ਪਾਰਟੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਦਾ ਹੈ।

# ਵੀਰ ਚੱਕਰ ਵਿਜੇਤਾ ਸੂਬੇਦਾਰ ਨਿਰਮਲ ਸਿੰਘ ਦਾ 26ਵਾਂ ਸ਼ਹੀਦੀ ਦਿਹਾੜਾ ਮਨਾਇਆ

**ਗੁਰਦਾਸਪੁਰ, (ਜਨਕ ਮਹਾਜਨ)**

8-July-PAGE-4.qxd 7/7/2025 10:37 PM Page 1

ਨਵਾਂ ਜ਼ਮਾਨਾ
ਮੰਗਲਵਾਰ, 8 ਜੁਲਾਈ 2025

# ਅਧਿਆਪਕਾਂ ਦੀਆਂ ਵਗਾਰਾਂ

ਸਰਕਾਰੀ ਸਕੂਲਾਂ ਦੀ ਕੁਆਲਿਟੀ ਦੀ ਚਰਚਾ ਅਕਸਰ ਹੁੰਦੀ ਹੈ। ਲੋਕ ਸ਼ਿਕਾਇਤ ਕਰਦੇ ਹਨ ਕਿ ਇਨ੍ਹਾਂ ਸਕੂਲਾਂ 'ਚ ਪੜ੍ਹਾਈ ਚੰਗੀ ਤਰ੍ਹਾਂ ਨਹੀਂ ਹੁੰਦੀ, ਪਰ ਕਦੇ ਇਹ ਸੁਆਲ ਵੀ ਪੁੱਛਿਆ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਪੜ੍ਹਾਉਣ ਦਾ ਪੂਰਾ ਸਮਾਂ ਤੇ ਅਨੁਕੂਲ ਮਾਹੌਲ ਮਿਲ ਵੀ ਰਿਹਾ ਹੈ ਜਾਂ ਨਹੀਂ? ਸਰਕਾਰੀ ਸਕੂਲ ਅਧਿਆਪਕ ਵੋਟਰ ਬਣਾਉਣ ਲਈ ਬੀ ਐੱਲ ਓ (ਬੂਥ ਲੈਵਲ ਅਫਸਰ) ਦੀ ਜ਼ਿੰਮੇਵਾਰੀ ਨਿਭਾਉਂਦੇ ਹਨ, ਜਨਗਣਨਾ ਤੇ ਸਮਾਜੀ-ਆਰਥਕ ਸਰਵੇਖਣ ਕਰਦੇ ਹਨ, ਚੋਣ ਡਿਊਟੀਆਂ ਦਿੰਦੇ ਹਨ ਅਤੇ ਕਦੇ-ਕਦੇ ਸਰਕਾਰੀ ਯੋਜਨਾਵਾਂ ਦੇ ਫਾਰਮ ਭਰਵਾਉਣ ਤੇ ਲਾਭਾਰਥੀਆਂ ਦੀਆਂ ਸੂਚੀਆਂ ਬਣਾਉਣ ਦਾ ਕੰਮ ਵੀ ਇਨ੍ਹਾਂ ਤੋਂ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਵੀ ਜ਼ਿੰਮੇਵਾਰੀਆਂ ਇਨ੍ਹਾਂ 'ਤੇ ਪਾ ਦਿੱਤੀਆਂ ਜਾਂਦੀਆਂ ਹਨ। ਦਲੀਲ ਦਿੱਤੀ ਜਾਂਦੀ ਹੈ ਕਿ ਸਰਕਾਰੀ ਸਕੂਲਾਂ ਦੇ ਅਧਿਆਪਕ ਚੰਗਾ ਨਹੀਂ ਪੜ੍ਹਾਉਂਦੇ, ਜਿਸ ਕਰਕੇ ਨਤੀਜੇ ਚੰਗੇ ਨਹੀਂ ਆਉਂਦੇ, ਇਹ ਦਲੀਲ ਗਲਤ ਹੈ। ਨਵੋਦਿਆ ਵਿਦਿਆਲਿਆਂ ਤੇ ਕੇਂਦਰੀ ਵਿਦਿਆਲਿਆਂ ਵਿੱਚ ਵੀ ਸਰਕਾਰੀ ਅਧਿਆਪਕ ਹਨ। ਉਨ੍ਹਾਂ ਦੇ ਨਤੀਜੇ ਇਸ ਕਰਕੇ ਬਿਹਤਰੀਨ ਆਉਂਦੇ ਹਨ, ਕਿਉਂਕਿ ਉਹ ਸੂਬਾਈ ਸਰਕਾਰੀ ਸਕੂਲਾਂ ਵਾਲੇ ਅਧਿਆਪਕਾਂ ਵਾਲੀਆਂ ਵਗਾਰਾਂ ਨਹੀਂ ਕਰਦੇ। ਫਿਨਲੈਂਡ ਦੀ ਸਿੱਖਿਆ ਵਿਵਸਥਾ ਨੂੰ ਦੁਨੀਆ ਦੀ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ, ਉੱਥੇ ਅਧਿਆਪਕ ਸਿਰਫ ਸਿਲੇਬਸ ਪੜ੍ਹਾਉਣ ਵਾਲੇ ਨਹੀਂ, ਸਗੋਂ ਰਾਸ਼ਟਰ ਨਿਰਮਾਣ ਦੇ ਅਗਰਦੂਤ ਮੰਨੇ ਜਾਂਦੇ ਹਨ। ਸਮਾਜ ਉਨ੍ਹਾਂ ਨੂੰ ਡਾਕਟਰਾਂ ਤੇ ਜੱਜਾਂ ਵਰਗਾ ਮਾਣ ਦਿੰਦਾ ਹੈ। ਉਨ੍ਹਾਂ ਤੋਂ ਕਿਸੇ ਵੀ ਤਰ੍ਹਾਂ ਦਾ ਪ੍ਰਸ਼ਾਸਨਿਕ ਕੰਮ ਨਹੀਂ ਲਿਆ ਜਾਂਦਾ।

ਸਾਡੇ ਸਰਕਾਰੀ ਅਧਿਆਪਕਾਂ ਤੋਂ ਜੇ ਚੰਗੇ ਨਤੀਜੇ ਲੈਣੇ ਹਨ ਤਾਂ ਇਨ੍ਹਾਂ ਨੂੰ ਗੈਰ-ਵਿਦਿਅਕ ਕੰਮਾਂ ਤੋਂ ਫਾਰਗ ਕਰਨਾ ਪਵੇਗਾ। ਇਸ ਲਈ ਪੰਚਾਇਤ ਪੱਧਰ 'ਤੇ ਸਕੱਤਰਾਂ ਤੇ ਸਹਾਇਕ ਸਕੱਤਰਾਂ ਆਦਿ ਦੀ ਪੱਕੀ ਨਿਯੁਕਤੀ ਕਰਨੀ ਪਵੇਗੀ, ਜਿਹੜੇ ਸਥਾਨਕ ਪੱਧਰ 'ਤੇ ਬੀ ਐੱਲ ਓ ਅਤੇ ਜਨਗਣਨਾ, ਸਰਵੇਖਣਾਂ ਤੇ ਯੋਜਨਾਵਾਂ ਦਾ ਕੰਮ ਸੰਭਾਲਣ। ਅੱਜ ਡਿਜੀਟਲ ਯੁੱਗ ਵਿੱਚ ਡਾਟਾ ਸੰਗ੍ਰਹਿ ਅਤੇ ਰਿਪੋਰਟਿੰਗ ਮਾਹਰਾਂ ਦਾ ਕੰਮ ਬਣ ਚੁੱਕਾ ਹੈ, ਜਿਸ ਨੂੰ ਠੀਕ ਤਰ੍ਹਾਂ ਕਰਨ ਲਈ ਪ੍ਰਸ਼ਾਸਨਿਕ ਟਰੇਨਿੰਗ ਤੇ ਤਕਨੀਕੀ ਮੁਹਾਰਤ ਦੀ ਲੋੜ ਹੈ, ਨਾ ਕਿ ਵਿਦਿਅਕ ਕੌਸ਼ਲ ਦੀ। ਜਦ ਕੌਮੀ ਸਿੱਖਿਆ ਨੀਤੀ ਤੇ ਸਰਕਾਰੀ ਯੋਜਨਾਵਾਂ ਨਤੀਜਾ-ਮੁਖੀ ਸਿੱਖਿਆ ਦੀ ਗੱਲ ਕਰਦੀਆਂ ਹਨ ਤਾਂ ਕੀ ਉਹ ਇਹ ਯਕੀਨੀ ਨਹੀਂ ਬਣਾ ਸਕਦੀਆਂ ਕਿ ਅਧਿਆਪਕ ਨੂੰ ਪੜ੍ਹਾਉਣ ਲਈ ਪੂਰਾ ਸਮਾਂ ਤੇ ਸਨਮਾਨ ਮਿਲੇ? ਨਤੀਜੇ ਉਦੋਂ ਹੀ ਬਿਹਤਰ ਨਿਕਲਣਗੇ, ਜਦੋਂ ਅਧਿਆਪਕ ਦੀ ਭੂਮਿਕਾ ਨੂੰ ਕੇਂਦਰ ਵਿੱਚ ਰੱਖਿਆ ਜਾਵੇਗਾ ਅਤੇ ਉਸ ਨੂੰ ਪ੍ਰਸ਼ਾਸਨਿਕ ਕੰਮਾਂ ਤੋਂ ਮੁਕਤ ਕੀਤਾ ਜਾਵੇਗਾ। ਕੀ ਡਾਕਟਰ ਨੂੰ ਓ ਪੀ ਡੀ ਦੇ ਨਾਲ-ਨਾਲ ਦਵਾਈਆਂ ਦਾ ਸਟਾਕ ਗਿਣਨ ਤੇ ਹਸਪਤਾਲ ਦੀ ਬਿਜਲੀ ਦਾ ਬਿੱਲ ਭਰਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ? ਜੇ ਡਾਕਟਰ ਤੋਂ ਹੋਰ ਕੰਮ ਨਹੀਂ ਲਿਆ ਜਾਂਦਾ ਤਾਂ ਅਧਿਆਪਕਾਂ ਨਾਲ ਬੇਇਨਸਾਫੀ ਕਿਉਂ ਕੀਤੀ ਜਾਂਦੀ ਹੈ। ਸਰਕਾਰੀ ਸਕੂਲਾਂ ਨੂੰ ਸੁਧਾਰਨ ਲਈ ਕਿਸੇ ਵਿਦੇਸ਼ੀ ਮਾਡਲ ਜਾਂ ਬਹੁਤ ਵੱਡੇ ਬਜਟ ਦੀ ਲੋੜ ਨਹੀਂ, ਬੱਸ ਅਧਿਆਪਕ ਨੂੰ ਪੜ੍ਹਾਉਣ ਦਾ ਸਮਾਂ, ਵਸੀਲੇ ਤੇ ਸਨਮਾਨ ਦਿਓ, ਬਾਕੀ ਕੰਮ ਉਹ ਖੁਦ ਕਰ ਲਵੇਗਾ। ਅਧਿਆਪਕ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਧਾਰਦਾ ਹੈ। ਉਸ ਦੀ ਊਰਜਾ, ਸਮੇਂ ਤੇ ਵਿਵੇਕ ਨੂੰ ਗੈਰ-ਜ਼ਰੂਰੀ ਕੰਮਾਂ ਵਿੱਚ ਝੋਕਣ ਨਾ ਸਿਰਫ ਸਿੱਖਿਆ ਵਿਵਸਥਾ ਨਾਲ ਬੇਇਨਸਾਫੀ ਹੈ, ਸਗੋਂ ਰਾਸ਼ਟਰ ਦੀ ਬੌਧਿਕ ਪੂੰਜੀ ਨੂੰ ਨਸ਼ਟ ਕਰਨਾ ਹੈ। ਇੱਕ ਸੁਰ ਵਿੱਚ ਇਹ ਕਹਿਣ ਦਾ ਵਕਤ ਆ ਗਿਆ ਹੈ—ਅਧਿਆਪਕ ਨੂੰ ਅਧਿਆਪਕ ਹੀ ਰਹਿਣ ਦਿਓ।

# 1975 ਦੀ ਐਮਰਜੈਂਸੀ ਤੇ ਅੱਜ ਦੇ ਹਾਲਾਤ

**ਤਰਸੇਮ ਲਾਲ**

12 ਜੂਨ 1975 ਨੂੰ ਅਲਾਹਾਬਾਦ ਹਾਈ ਕੋਰਟ ਦਾ ਫੈਸਲਾ ਆਉਂਦਾ ਹੈ। ਸਵੇਰੇ 10.05 ਵਜੇ ਇੰਦਰਾ ਗਾਂਧੀ ਦੀ ਚੋਣ ਗੈਰ-ਕਾਨੂੰਨੀ ਠਹਿਰਾ ਦਿੱਤੀ ਗਈ। ਇੰਦਰਾ ਗਾਂਧੀ ਦੇ ਪ੍ਰਚਾਰ ਦੇ ਬਾਵਜੂਦ ਗੁਜਰਾਤ ਵਿਚ ਕਾਂਗਰਸ ਚੋਣਾਂ ਹਾਰ ਗਈ। ਇੰਦਰਾ ਦੀ ਦੁਰਗਾ ਵਾਲੀ ਛਵੀ ਮੱਧਮ ਪੈਣ ਲੱਗ ਪਈ। 24 ਜੂਨ ਨੂੰ ਸੁਪਰੀਮ ਕੋਰਟ ਨੇ ਵੀ ਫੈਸਲੇ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ। 15 ਅਗਸਤ 1975 ਨੂੰ ਮੁਜੀਬ ਉਰ ਰਹਿਮਾਨ ਦੇ ਕਤਲ ਤੋਂ ਬਾਅਦ ਇੰਦਰਾ ਗਾਂਧੀ ਨੂੰ ਵੀ ਹੱਤਿਆ ਦਾ ਫਿਕਰ ਲੱਗਣ ਲੱਗ ਪਿਆ ਸੀ। ਉਸੇ ਦਿਨ ਜੈ ਪ੍ਰਕਾਸ਼ ਨਾਰਾਇਣ ਨੇ ਰਾਮਲੀਲ੍ਹਾ ਮੈਦਾਨ ਵਿਚ ਵੱਡੀ ਰੈਲੀ ਰੱਖੀ ਸੀ। 25 ਜੂਨ 1975 ਦੀ ਸ਼ਾਮ ਉਹ ਗਾਂਧੀ ਪੀਸ ਫਾਊਂਡੇਸ਼ਨ ਵਿਖੇ ਅਰਾਮ ਕਰ ਰਹੇ ਸਨ।

ਉਸੇ ਰਾਤ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਜੈ ਪ੍ਰਕਾਸ਼ ਨਾਰਾਇਣ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੇਸ਼ ਭਰ ਵਿਚ 1,10,000 ਗ੍ਰਿਫ਼ਤਾਰੀਆਂ ਹੋਈਆਂ। ਸਾਰੇ ਅਖ਼ਬਾਰਾਂ ਅਤੇ ਮੀਡੀਆ ਤੇ ਸੈਂਸਰਸ਼ਿਪ ਲਗਾ ਦਿੱਤੀ ਗਈ। ਪੇਜਾਂ ਦੇ ਪੇਜ ਕਾਲੇ ਖਾਲੀ ਨਜ਼ਰ ਆਉਣ ਲੱਗੇ। ਸੰਜੇ ਗਾਂਧੀ ਦੀ ਨਲਬੰਦੀ (ਜਬਰੀ) ਦਾ ਦੌਰ ਜ਼ੋਰ-ਸ਼ੋਰ ਨਾਲ ਜਾਰੀ ਸੀ। ਇਸ ਐਮਰਜੈਂਸੀ ਦੀ ਖੱਬੀਆਂ ਪਾਰਟੀਆਂ ਨੇ ਹਮਾਇਤ ਕਰ ਦਿੱਤੀ। ਵਿਨੋਬਾ ਭਾਵੇ ਨੇ ਵੀ ਇਸ ਦੀ ਹਮਾਇਤ ਕੀਤੀ, ਪ੍ਰੰਤੂ ਖੇਤਰੀ ਪਾਰਟੀਆਂ, ਅਗਾਂਹਵਧੂ ਵਕੀਲ, ਲੇਖਕ, ਜਮਹੂਰੀ ਕਾਰਕੁਨ, ਟਰੇਡ ਜਥੇਬੰਦੀਆਂ ਨੇ ਜ਼ਬਰਦਸਤ ਵਿਰੋਧ ਖੜ੍ਹੇ ਕੀਤੇ। 21 ਮਹੀਨਿਆਂ ਬਾਅਦ ਐਮਰਜੈਂਸੀ ਖਤਮ ਕਰਕੇ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ। ਕਾਂਗਰਸ ਚੋਣਾਂ ਹਾਰ ਗਈ। ਉਸ ਸਮੇਂ ਦੀਆਂ ਹਾਕਮ ਜਮਾਤਾਂ ਅੱਜ ਦੀ ਤਰ੍ਹਾਂ ਜ਼ਾਲਮ ਅਤੇ ਗੈਰ-ਮਨੁੱਖੀ ਨਹੀਂ ਸਨ। ਵਿਰੋਧੀ ਤਾਕਤਾਂ ਦੇ ਘੋਲ ਤਿੱਖੇ ਸਨ। ਜੇ ਸੀ ਸ਼ਾਹ ਕਮਿਸ਼ਨ ਨੇ ਕਾਂਗਰਸ ਦੀ ਇੰਦਰਾ ਗਾਂਧੀ ਸਰਕਾਰ ਨੂੰ ਸ਼ਕਤੀ ਦੀ ਦੁਰਵਰਤੋਂ, ਨਾਗਰਿਕ ਅਜ਼ਾਦੀਆਂ ਕੁਚਲਣ, ਜਬਰੀ ਨਸਬੰਦੀ ਅਤੇ 25000 ਜਬਰੀ ਸੇਵਾ-ਮੁਕਤੀਆਂ ਦਾ ਦੋਸ਼ੀ ਠਹਿਰਾ ਦਿੱਤਾ। ਅੱਜ ਦੀਆਂ ਹਾਲਤਾਂ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਬਸਤੀਵਾਦੀ ਯੁੱਗ ਦੇ ਖਾਤਮੇ ਤੋਂ ਬਾਅਦ ਬਣੇ ਸਰਵ ਸੰਪੰਨ ਦੇਸ਼ਾਂ ਨੂੰ ਮੁੜ ਅਮਰੀਕਾ ਰੂਪੀ ਠਾਣੇਦਾਰ ਨਵੇਂ ਡੰਡੇ ਨਾਲ ਹੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਊਬਾ, ਵੀਅਤਨਾਮ, ਇਰਾਕ ਅਤੇ ਅਫ਼ਗਾਨਿਸਤਾਨ ਵਿਚ ਵੱਡੀਆਂ ਤਬਾਹੀਆਂ ਕਰਨ ਤੋਂ ਬਾਅਦ ਅੱਜ ਉਹ ਇਜ਼ਰਾਇਲ ਨੂੰ ਸ਼ਹਿ ਦੇ ਕੇ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਕਰ ਰਿਹਾ ਹੈ। ਮਨੁੱਖੀ ਅਧਿਕਾਰ ਕੇਂਦਰਾਂ ਵਿਚ ਹਥਿਆਰਬੰਦ ਇਜ਼ਰਾਇਲੀ ਗ੍ਰੋਹ ਰਾਸ਼ਨ ਦੇਣ ਸਮੇਂ ਬੱਚਿਆਂ ਅਤੇ ਔਰਤਾਂ ਨੂੰ ਮੌਤ ਦੇ ਘਾਟ ਉਤਾਰ ਰਿਹਾ ਹੈ। 70,000 ਤੋਂ ਵੱਧ ਲੋਕਾਂ ਦਾ ਕਤਲ ਕਰਨ ਦੇ ਬਾਅਦ ਵੀ ਉਹ ਬਾਜ਼ ਨਹੀਂ ਆ ਰਿਹਾ। ਈਰਾਨ ਵਿਚ ਪ੍ਰਮਾਣੂ ਹਥਿਆਰਾਂ ਦਾ ਹੋ-ਹੱਲਾ ਪੈਦਾ ਕਰਕੇ ਉਥੇ ਸੱਤਾ ਤਬਦੀਲੀ ਦੀ ਖਾਹਸ਼ ਨਾਲ ਇਜ਼ਰਾਇਲ ਵਲੋਂ ਹਵਾਈ ਹਮਲੇ ਕਰਵਾਉਣ ਤੋਂ ਬਾਅਦ ਅਮਰੀਕਾ ਆਪ ਉਸ ਦੇ ਪ੍ਰਮਾਣੂ ਟਿਕਾਣਿਆਂ 'ਤੇ ਬੇਹੱਦ ਭਾਰੀ (ਅੱਜ ਤੱਕ ਨਾ ਵਰਤੇ) ਬੰਬ ਸੁੱਟ ਕੇ ਦਹਿਲ ਪੈਦਾ ਕਰ ਰਿਹਾ ਹੈ। ਆਪਣੇ ਦੇਸ਼ ਅੰਦਰ ਬੇਹੱਦ ਵਿਰੋਧ ਦੇ ਬਾਵਜੂਦ ਉਚ ਕੋਟੀ ਯੂਨੀਵਰਸਿਟੀਆਂ, ਹਾਰਵਰਡ, ਬਰਕਲੇ ਯੇਲ ਆਦਿ ਨਾਲ ਅਜ਼ਾਦ ਆਵਾਜ਼ਾਂ ਬੰਦ ਕਰਨ ਦੀ ਲੜਾਈ ਲੜ ਰਿਹਾ ਹੈ। ਗਾਜ਼ਾ ਅੰਦਰ ਪੰਜ ਸਿਤਾਰਾ ਹੋਟਲ ਬਣਾਉਣ ਦੀਆਂ ਗੱਲਾਂ ਕਰਦਾ ਹੈ। ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀਆਂ ਗੱਲਾਂ ਕਰਦਾ ਹੈ। ਪ੍ਰਵਾਸੀ ਭਾਰਤੀਆਂ, ਮੈਕਸੀਕਨਾਂ ਅਤੇ ਹੋਰ ਦੇਸ਼ਾਂ ਦੇ ਲੋਕਾਂ ਨੂੰ ਦੀਮਕ (ਅਮਿਤ ਸ਼ਾਹ ਦੀ ਤਰ੍ਹਾਂ) ਐਲਾਨ ਕੇ ਬਾਹਰ ਕੱਢਣ ਅਤੇ ਮੇਕ ਅਮਰੀਕਾ ਗਰੇਟ ਅਗੇਨ ਦੀਆਂ ਗੱਲਾਂ ਕਰਦਾ ਹੈ। ਹਰ ਪਾਸੇ ਬਾਦਸ਼ਾਹ ਦੀ ਤਰ੍ਹਾਂ ਆਪਣੀ ਥਾਣੇਦਾਰੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤ ਪਾਕਿ ਜੰਗ ਖਤਮ ਕਰਵਾਉਣ ਦੀਆਂ ਟਾਹਰਾਂ ਮਾਰਦਾ ਹੈ। ਵੱਖ-ਵੱਖ ਦੇਸ਼ਾਂ ਵਿਚ 750 ਅੱਡੇ ਹੋਣ ਦੇ ਬਾਵਜੂਦ ਆਪਣਾ ਰੋਹਬ ਪੂਰੇ ਵਿਸ਼ਵ 'ਤੇ ਪਾਉਣ ਲਈ ਉਤਾਰੂ ਹੈ। ਹਰ ਤਰ੍ਹਾਂ ਦੇ ਰਾਸ਼ਟਰੀ ਅੰਤਰਰਾਸ਼ਟਰੀ, ਮਨੁੱਖੀ ਅਧਿਕਾਰਾਂ ਨੂੰ ਲਤਾੜ ਕੇ ਸਾਰੀਆਂ ਅੰਤਰਰਾਸ਼ਟਰੀ ਏਜੰਸੀਆਂ ਨੂੰ ਪੰਗੂ ਬਣਾ ਕੇ ਆਪਣੀ ਚੌਧਰ ਜਮ੍ਹਾ ਰਿਹਾ ਹੈ। ਇਹ ਨਵੀਂ ਕਿਸਮ ਦਾ ਸਾਮਰਾਜ ਪੂਰੇ ਸੰਸਾਰ ਦੇ ਦੇਸ਼ਾਂ ਨੂੰ ਆਪਣੀ ਬਸਤੀ ਸਮਝਣ 'ਤੇ ਉਤਾਰੂ ਹੈ।

ਭਾਰਤ ਦੇਸ਼ 3.8 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਨਾਲ ਵਿਸ਼ਵ ਦੀ ਚੌਥੀ ਵੱਡੀ ਅਰਥ ਵਿਵਸਥਾ ਹੋਣ ਦੀਆਂ ਟਾਹਰਾਂ ਮਾਰ ਰਿਹਾ ਹੈ, ਜਦੋਂਕਿ ਪ੍ਰਤੀ ਵਿਅਕਤੀ ਆਮਦਨ 2800 ਡਾਲਰ ਭਾਵ 2.33 ਲੱਖ ਪ੍ਰਤੀ ਸਾਲ ਬਣਦੀ ਹੈ, ਜੋ ਚੀਨ ਨਾਲੋਂ ਚੌਥੇ ਹਿੱਸੇ ਤੋਂ ਵੀ ਘੱਟ ਹੈ। ਜੇ ਉਪਰਲੇ 1 ਫੀਸਦੀ ਅਮੀਰਾਂ ਦੀ 40 ਫੀਸਦੀ ਆਮਦਨ ਘਟਾ ਦੇਈਏ ਤਾਂ ਪ੍ਰਤੀ ਵਿਅਕਤੀ ਆਮਦਨ 82,000 ਰੁਪਏ ਭਾਵ 6200 ਪ੍ਰਤੀ ਮਹੀਨਾ ਹੀ ਬਣਦੀ ਹੈ। ਬੇਹੱਦ ਅਸਮਾਨਤਾਵਾਂ ਵਾਲੇ ਦੇਸ਼ ਵਿਚ ਜੋ ਗੁਲਾਮੀ ਸਮੇਂ ਨਾਲੋਂ ਵੀ ਵੱਧ ਹਨ, ਇਹ ਅਸਲ ਆਮਦਨ 5000 ਰੁਪਏ ਪ੍ਰਤੀ ਮਹੀਨਾ ਅਤੇ 200 ਰੁਪਏ ਪ੍ਰਤੀ ਦਿਨ ਤੋਂ ਵੀ ਘੱਟ ਬੈਠਦੀ ਹੈ। ਨੌਜਵਾਨਾਂ ਅੰਦਰ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਸਿੱਖਿਆ ਮੰਤਵਹੀਣ ਬਣਾ ਦਿੱਤੀ ਗਈ ਹੈ। ਕੇਵਲ ਆਪਣਾ ਹਿੰਦੂਤਵੀ ਪ੍ਰਚਾਰ ਕਰਨ 'ਤੇ ਜ਼ੋਰ ਹੈ। ਗੈਰ-ਵਿਗਿਆਨਕ ਕਦਰਾਂ ਕੀਮਤਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ। ਨੌਜਵਾਨਾ ਵਿਚ ਬੇਚੈਨੀ ਸਿਖਰਾਂ 'ਤੇ ਹੈ ਜੋ ਆਤਮ ਹੱਤਿਆ ਤੇ ਗਲਤ ਕਿਸਮ ਦੇ ਵਰਤਾਰਿਆਂ ਦੇ ਰੂਪ ਵਿਚ ਨਜ਼ਰ ਆ ਰਹੀ ਹੈ। ਖੇਤੀ 'ਤੇ ਨਿਰਭਰ 60 ਫੀਸਦੀ ਅਬਾਦੀ ਕੌਮੀ ਉਤਪਾਦ ਵਿਚ 14 ਫੀਸਦੀ ਹਿੱਸਾ ਪਾਉਂਦੀ ਹੈ। 90 ਫੀਸਦੀ ਜੋਤਾਂ 5 ਏਕੜ ਤੋਂ ਘੱਟ ਹਨ। ਲਾਗਤ ਕੀਮਤਾਂ ਦੇ ਵਾਧੇ ਨੇ ਖੇਤੀ ਸੰਕਟ ਵਧੇਰੇ ਡੂੰਘਾ ਕਰ ਦਿੱਤਾ ਹੈ। ਖੇਤਰੀ ਪਾਰਟੀਆਂ ਕਮਜ਼ੋਰ ਸਥਿਤੀ ਵਿਚ ਹਨ। ਅੱਜ ਦੀਆਂ ਹਾਲਤਾਂ ਵਿਚ ਸੰਘਰਸ਼ ਕਰ ਰਹੀਆਂ ਜਮਾਤਾਂ ਦੀ ਏਕਤਾ ਬਣੇਗੀ ਤੇ ਪਾਏਦਾਰ ਸੰਘਰਸ਼ ਖੜ੍ਹੇ ਹੋਣਗੇ ਤਾਂ ਜਮਹੂਰੀ ਲਹਿਰ ਬਚੇਗੀ।

1200 ਕਿਲੋਮੀਟਰ ਦੇ ਸੰਘਣੀ ਕਾਲੇ ਜੰਗਲ ਵਿਚ ਸਦੀਆਂ ਤੋਂ ਰਹਿ ਰਹੇ ਕਬਾਇਲੀ ਲੋਕਾਂ ਨੂੰ ਉਜਾੜ ਕੇ ਉਥੇ ਮਿੱਤਲ, ਅੰਬਾਨੀ, ਅਡਾਨੀ ਨੂੰ ਖਣਨ ਕਰਨ ਦੀ ਖੁੱਲ੍ਹ ਦੇ ਕੇ ਉਥੇ ਰਹਿ ਰਹੇ ਸਥਾਨਕ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਦੇ ਜਮਹੂਰੀ ਸੰਵਿਧਾਨਕ ਨਗਰ ਪੰਚਾਇਤ, ਜੰਗਲ ਅਧਿਕਾਰ ਕਾਨੂੰਨ ਅਤੇ ਜਨਤਕ ਵਿਰੋਧ ਨੂੰ ਨਜ਼ਰਅੰਦਾਜ਼ ਕਰਕੇ ਚਾਰ ਲੇਨ ਛੇ ਲੇਨ ਸੜਕਾਂ ਦਾ ਜਾਲ ਬਣਾ ਕੇ ਅਤੇ 30,000 ਸੁਰੱਖਿਆ ਫੌਜਾਂ ਤੈਨਾਤ ਕਰਕੇ ਥਾਂ-ਥਾਂ ਤੇ ਪੁਲਸ ਚੌਕੀਆਂ ਬਣਾ ਕੇ ਆਦਿਵਾਸੀਆਂ ਦਾ ਸ਼ਿਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸਿਆਸੀ ਸੋਝੀ ਅਤੇ ਪ੍ਰਤੀਰੋਧ ਦੀ ਅਵਾਜ਼ ਬੁਲੰਦ ਕਰਨ ਵਾਲੀ ਮਾਓਵਾਦੀ ਪਾਰਟੀ ਨੂੰ ਖਤਮ ਕਰਨ ਲਈ ਉਨ੍ਹਾਂ ਦੇ ਵਿਚੋਂ ਕਮਜ਼ੋਰ ਤੱਤਾਂ ਨੂੰ ਰਿਜ਼ਰਵ ਗਾਰਡ ਭਰਤੀ ਕਰਕੇ ਉਨ੍ਹਾਂ ਖਿਲਾਫ਼ ਵਰਤਿਆ ਜਾ ਰਿਹਾ ਹੈ। ਉਨ੍ਹਾਂ ਤੋਂ ਕੁੱਟਮਾਰ ਕਰਕੇ ਸੂਹਾਂ ਲੈ ਕੇ ਮਾਓਵਾਦੀ ਪਾਰਟੀ ਦੇ ਲੋਕਾਂ ਨੂੰ ਫੜਿਆ ਜਾ ਰਿਹਾ ਹੈ, ਤਸੀਹੇ ਦਿੱਤੇ ਜਾਂਦੇ ਹਨ ਅਤੇ ਮੌਤ ਦੇ ਘਾਟ ਉਤਾਰ ਕੇ ਵਾਰਸਾਂ ਨੂੰ ਲਾਸ਼ਾਂ ਵੀ ਨਹੀਂ ਦਿੱਤੀਆਂ ਜਾਂਦੀਆਂ। 5 ਅਗਸਤ 2019 ਨੂੰ ਧਾਰਾ 370 ਅਤੇ 35 ਏ ਹਟਾ ਕੇ 5000 ਆਗੂਆਂ ਤੇ ਸਾਧਾਰਨ ਲੋਕਾਂ ਨੂੰ ਗ੍ਰਿਫਤਾਰ ਕਰਕੇ ਸੂਚਨਾ ਦੇ ਸਾਰੇ ਅਧਿਕਾਰ ਖਤਮ ਕਰਕੇ, ਇੰਟਰਨੈੱਟ ਬੰਦ ਕਰਕੇ, ਲੋਕਾਂ ਦੇ ਮੂੰਹਾਂ 'ਤੇ ਤਾਲੇ ਲਾ ਕੇ ਚੱਪੇ-ਚੱਪੇ 'ਤੇ ਸੁਰੱਖਿਆ ਸੈਨਾਵਾਂ ਦਾ ਜਾਲ ਖੜ੍ਹਾ ਕਰਕੇ ਪੱਥਰਬਾਜ਼ੀ ਬੰਦ ਹੋਣ ਦੇ ਦਾਬੇ, ਕਸ਼ਮੀਰੀ ਲੋਕਾਂ ਦੀ ਬੇਵੱਸ ਚੁੱਪ ਦਾ ਸੰਕੇਤ ਹੈ। ਕਸ਼ਮੀਰ ਅੰਦਰ ਟੂਰਿਜ਼ਮ ਵਧਾਉਣ ਦੇ ਦਾਅਵੇ, ਵੱਡੇ-ਵੱਡੇ ਸਿਨਪਲੈਕਸ ਖੋਲ੍ਹਣ, ਪਾਰਸ ਹਸਪਤਾਲ, ਹੈਲੀਕਾਪਟਰ ਖਰੀਦ, ਡੈਮ ਉਸਾਰੀ ਆਦਿ ਦੀਆਂ ਗੱਲਾਂ ਵਿਚ ਵੱਡਾ ਭ੍ਰਿਸ਼ਟਾਚਾਰ ਛੁਪਿਆ ਹੋਇਆ ਹੈ। ਨਿਊ ਨਾਰਮਲ ਦੀ ਰੱਟ ਲਾਉਣ ਵਾਲੇ ਹਾਕਮ ਕਸ਼ਮੀਰੀ ਲੋਕਾਂ ਦਾ ਅਸਲ ਦਰਦ ਨਹੀਂ ਸਮਝ ਰਹੇ। ਲੇਲ੍ਹੜੀਆਂ ਕੱਢ ਕੇ ਪੂਰੇ ਰਾਜ ਦੀ ਮੰਗ ਕਰ ਰਿਹਾ ਮੁੱਖ ਮੰਤਰੀ ਉਮਰ ਉਬਦੱਲਾ ਬੇਹੱਦ ਵਿਚਾਰਾ ਲੱਗਦਾ ਹੈ। ਉਧਰ ਲੇਹ ਲੱਦਾਖ ਦੇ ਲੋਕ ਵੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦੇ ਹਨ। 23 ਫੀਸਦੀ ਦੀ ਬੇਰੁਜ਼ਗਾਰੀ ਦਰ ਨਾਲ ਕਸ਼ਮੀਰ ਬੇਹੱਦ ਅਪਮਾਨਿਤ ਮਹਿਸੂਸ ਕਰ ਰਿਹਾ ਹੈ। ਅੱਜ ਦੇ ਹਿੰਦੂਤਵੀ ਸੱਭਿਆਚਾਰਕ ਸਾਮਰਾਜੀ ਸ਼ਹਿ ਪ੍ਰਾਪਤ ਕਾਰਪੋਰੇਟੀ ਰਾਸ਼ਟਰਵਾਦ ਦੀਆਂ ਜੜ੍

8-JULY-PAGE-5.qxd 7/7/2025 9:12 PM Page 1



# ਪੰਜਾਬ ਰੋਡਵੇਜ਼, ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਾਂ ਵੱਲੋਂ ਡਿਪੂਆਂ 'ਤੇ ਗੇਟ ਰੈਲੀਆਂ

**• ਮੁੱਖ ਮੰਤਰੀ ਪੰਜਾਬ ਦਾ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਝੂਠਾ : ਰੇਸ਼ਮ ਸਿੰਘ ਗਿੱਲ • 9, 10, 11 ਨੂੰ ਟਰਾਂਸਪੋਰਟ ਦਾ ਚੱਕਾ ਜਾਮ ਤੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਧਰਨਾ : ਜਤਿੰਦਰ ਸਿੰਘ**

ਫਿਰੋਜ਼ਪੁਰ

ਬਠਿੰਡਾ

ਜਗਰਾਓਂ

ਫਿਰੋਜ਼ਪੁਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**

ਪੰਜਾਬ ਰੋਡਵੇਜ਼, ਪਨਬਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ (25/11) ਵੱਲੋਂ ਸੂਬੇ ਦੇ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕੀਤੀਆਂ ਗਈਆਂ। ਫਿਰੋਜ਼ਪੁਰ ਡਿੱਪੂ 'ਤੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਨੇ ਸੱਤਾ 'ਚ ਆਉਣ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ ਕੀਤੇ ਸਨ। ਉਨ੍ਹਾਂ ਕਿਹਾ ਸੀ ਕਿ ਠੇਕੇਦਾਰੀ ਪ੍ਰਣਾਲੀ ਖਤਮ ਕਰਕੇ ਪੰਜਾਬ ਦੇ ਨੌਜਵਾਨਾਂ ਦਾ ਸ਼ੋਸ਼ਣ ਰੋਕਿਆ ਜਾਵੇਗਾ, ਪਰ ਸਰਕਾਰ ਬਣਨ ਦੇ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਇੱਕ ਵੀ ਮੁਲਾਜ਼ਮ ਨੂੰ ਪੱਕਾ ਨਹੀਂ ਕੀਤਾ ਗਿਆ। ਠੇਕੇਦਾਰੀ ਸਿਸਟਮ ਜਾਰੀ ਹੈ ਤੇ ਵਿਭਾਗਾਂ 'ਚ ਭ੍ਰਿਸ਼ਟਾਚਾਰ ਨਾਲ ਭਰਤੀਆਂ ਹੋ ਰਹੀਆਂ ਹਨ। ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਤੇ ਟਰਾਂਸਪੋਰਟ ਮੰਤਰੀ ਨੇ 1 ਜੁਲਾਈ 2024 ਨੂੰ ਮੀਟਿੰਗ 'ਚ ਯੂਨੀਅਨ ਦੀਆਂ ਮੰਗਾਂ ਨੂੰ ਇੱਕ ਮਹੀਨੇ 'ਚ ਹੱਲ ਕਰਨ ਦਾ ਵਾਅਦਾ ਕੀਤਾ ਸੀ, ਪਰ ਇੱਕ ਸਾਲ ਬੀਤਣ 'ਤੇ ਵੀ ਕਮੇਟੀ ਨੇ ਕੋਈ ਹੱਲ ਨਹੀਂ ਕੀਤਾ। 10-12 ਸਾਲਾਂ ਤੋਂ ਠੇਕੇ 'ਤੇ ਕੰਮ ਕਰ ਰਹੇ ਮੁਲਾਜ਼ਮ ਪੱਕੇ ਨਹੀਂ ਹੋਏ। ਆਊਟਸੋਰਸਿੰਗ ਠੇਕੇਦਾਰਾਂ ਦੀ ਲੁੱਟ ਵਧਦੀ ਜਾ ਰਹੀ ਹੈ। ਪਹਿਲਾਂ ਠੇਕੇਦਾਰ ਦਾਤਾਰ ਸਕਿਓਰਿਟੀ ਗਰੁੱਪ 12-13 ਕਰੋੜ ਰੁਪਏ ਦੀ ਲੁੱਟ ਕਰਕੇ ਭੱਜ ਗਿਆ, ਫਿਰ ਸਾਈਂ ਰਾਮ ਨੇ ਵੀ ਇਸੇ ਤਰ੍ਹਾਂ ਲੁੱਟ ਕੀਤੀ। ਹੁਣ ਤੀਜਾ ਠੇਕੇਦਾਰ, ਐੱਸ.ਐੱਸ. ਪ੍ਰੋਵਾਇਡਰ, ਬਿਨਾਂ ਸਮਝੌਤੇ ਦੇ ਗੈਰ-ਕਾਨੂੰਨੀ ਭਰਤੀਆਂ ਕਰ ਰਿਹਾ ਹੈ, ਜਿਸ 'ਚ ਲੱਖਾਂ ਰੁਪਏ ਦੀ ਰਿਸ਼ਵਤ ਲਈ ਜਾ ਰਹੀ ਹੈ। ਸਰਕਾਰ ਮੰਗਾਂ ਹੱਲ ਕਰਨ ਦੀ ਬਜਾਏ ਨਵੇਂ ਤਰੀਕਿਆਂ ਨਾਲ ਮੁਲਾਜ਼ਮਾਂ ਦੀ ਲੁੱਟ ਕਰ ਰਹੀ ਹੈ। ਪੰਜਾਬ ਤੇ ਬਾਹਰੀ ਸੂਬਿਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਯੂਨੀਅਨ ਦੀ ਹੜਤਾਲ ਦੀ ਹਮਾਇਤ ਕੀਤੀ ਜਾ ਰਹੀ ਹੈ। ਉਨ੍ਹਾਂ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਟਰਾਂਸਪੋਰਟ ਵਿਭਾਗ ਨੂੰ ਬਚਾਉਣ ਤੇ ਨਿੱਜੀਕਰਨ ਰੋਕਣ ਲਈ ਸੰਘਰਸ਼ 'ਚ ਸਾਥ ਦਿੱਤਾ ਜਾਵੇ।

ਡਿੱਪੂ ਪ੍ਰਧਾਨ ਜਤਿੰਦਰ ਸਿੰਘ ਨੇ ਕਿਹਾ ਕਿ ਕੱਚੇ ਮੁਲਾਜ਼ਮਾਂ ਦਾ ਠੇਕੇਦਾਰੀ ਸਿਸਟਮ 'ਚ ਸ਼ੋਸ਼ਣ ਜਾਰੀ ਹੈ। 9 ਫਰਵਰੀ 2025 ਨੂੰ ਟਰਾਂਸਪੋਰਟ ਮੰਤਰੀ ਨੇ ਦੋ ਮਹੀਨਿਆਂ 'ਚ ਮੰਗਾਂ ਹੱਲ ਕਰਨ ਦਾ ਵਾਅਦਾ ਕੀਤਾ ਸੀ, ਪਰ 1 ਸਾਲ 5 ਮਹੀਨੇ ਬੀਤਣ 'ਤੇ ਵੀ ਕੋਈ ਹੱਲ ਨਹੀਂ ਹੋਇਆ। ਮੁੱਖ ਮੰਤਰੀ ਦੇ ਵਾਅਦੇ ਵੀ ਖੋਖਲੇ ਸਾਬਿਤ ਹੋਏ। ਸਰਕਾਰ ਵੱਲੋਂ ਟਾਲਮਟੋਲ ਕੀਤੀ ਜਾ ਰਹੀ ਹੈ। ਠੇਕੇਦਾਰੀ 'ਚ ਰਿਸ਼ਵਤਖੋਰੀ ਦੇ ਸਬੂਤ ਪੇਸ਼ ਕਰਨ ਦੇ ਬਾਵਜੂਦ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਦੀਆਂ ਕਿਲੋਮੀਟਰ ਸਕੀਮ ਵਾਲੀਆਂ ਬੱਸਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਨਿੱਜੀਕਰਨ ਕਰ ਰਹੀ ਹੈ, ਜੋ ਵਿਭਾਗ ਨੂੰ ਘਾਟੇ 'ਚ ਲੈ ਜਾ ਰਹੀਆਂ ਹਨ। ਇੱਕ ਬੱਸ 6 ਸਾਲਾਂ 'ਚ 1 ਕਰੋੜ ਦਾ ਨੁਕਸਾਨ ਕਰ ਰਹੀ ਹੈ। ਸਰਕਾਰ ਨੇ ਮੁਫਤ ਸਫਰ ਦਾ 1100-1200 ਕਰੋੜ ਦਾ ਬਕਾਇਆ ਰੋਕਿਆ ਹੋਇਆ ਹੈ, ਜਦਕਿ ਬਜਟ 'ਚ ਸਿਰਫ 450 ਕਰੋੜ ਰੱਖੇ ਗਏ। ਇਸ ਕਾਰਨ ਮੁਲਾਜ਼ਮਾਂ ਦੀਆਂ ਤਨਖਾਹਾਂ, ਟਾਇਰ, ਟਿਕਟ ਮਸ਼ੀਨਾਂ ਤੇ ਸਪੇਅਰ ਪਾਰਟਸ ਦੇ ਪੈਸੇ ਅਟਕੇ ਹੋਏ ਹਨ। ਯੂਨੀਅਨ ਨੇ ਮੰਗ ਕੀਤੀ ਕਿ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰੇ, ਠੇਕੇਦਾਰੀ ਪ੍ਰਣਾਲੀ ਬੰਦ ਕਰੇ, ਤਨਖਾਹਾਂ 'ਚ ਇਕਸਾਰਤਾ ਲਿਆਵੇ, ਕਿਲੋਮੀਟਰ ਸਕੀਮ ਦੀਆਂ ਬੱਸਾਂ ਬੰਦ ਕਰੇ ਅਤੇ 10,000 ਸਰਕਾਰੀ ਬੱਸਾਂ ਦਾ ਪ੍ਰਬੰਧ ਕਰੇ। ਜੇ ਮੰਗਾਂ ਨਾ ਮੰਨੀਆਂ ਗਈਆਂ, ਤਾਂ 9, 10, 11 ਜੁਲਾਈ 2025 ਨੂੰ ਪਨਬਸ/ਪੀਆਰਟੀਸੀ ਦਾ ਚੱਕਾ ਜਾਮ ਕੀਤਾ ਜਾਵੇਗਾ ਤੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ। ਜੇਕਰ ਫਿਰ ਵੀ ਹੱਲ ਨਾ ਹੋਇਆ, ਤਾਂ ਹੜਤਾਲ ਅਣਮਿੱਥੇ ਸਮੇਂ ਲਈ ਜਾਰੀ ਰਹੇਗੀ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਪ੍ਰਬੰਧਕਾਂ ਦੀ ਹੋਵੇਗੀ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਬਠਿੰਡਾ ਡਿੱਪੂ ਦੇ ਗੇਟ 'ਤੇ ਕੀਤੀ ਰੈਲੀ ਦੌਰਾਨ ਬੋਲਦਿਆਂ ਸੂਬਾ ਆਗੂ ਕੁਲਵੰਤ ਸਿੰਘ ਮਨੇਸ, ਡਿੱਪੂ ਪ੍ਰਧਾਨ ਰਵਿੰਦਰ ਸਿੰਘ ਬਰਾੜ ਨੇ ਬੋਲਦਿਆਂ ਕਿਹਾ ਕਿ ਪਨਬਸ/ਪੀ.ਆਰ.ਟੀ.ਸੀ ਦੇ ਕੱਚੇ ਮੁਲਾਜ਼ਮਾਂ ਦਾ ਲੰਮੇ ਸਮੇ ਤੋ ਠੇਕੇਦਾਰੀ ਸਿਸਟਮ ਤਹਿਤ ਸ਼ੋਸ਼ਣ ਹੋ ਰਿਹਾ ਹੈ। 09/02/2025 ਨੂੰ ਵੀ ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ ਕਮੇਟੀ ਗਠਿਤ ਕੀਤੀ ਗਈ 2 ਮਹੀਨੇ ਦੇ ਵਿੱਚ ਮੰਗਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ, ਪ੍ਰੰਤੂ ਅੱਜ 1 ਸਾਲ 5 ਮਹੀਨੇ ਬੀਤ ਚੁੱਕੇ ਨੇ ਕੋਈ ਹੱਲ ਨਹੀਂ।ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਸੈਕਟਰੀ ਅੰਗਰੇਜ ਸਿੰਘ ਸਿੱਧੂ ਨੇ ਗੇਟ ਰੈਲੀ ਵਿੱਚ ਪਹੁੰਚੇ ਪੀ ਐੱਸ ਯੂ ਲਲਕਾਰ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਕੌਰ, ਰਾਸ਼ਟਰੀ ਦਿਵਿਆਂਗ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਲੱਖਾ ਸਿੰਘ ਸੰਗਰ, ਜਮਹੂਰੀ ਅਧਿਕਾਰ ਸਭਾ ਵੱਲੋਂ ਪਹੁੰਚੇ ਐਡਵੋਕੇਟ ਬਿਸ਼ਨਦੀਪ ਕੌਰ ਤੇ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ ਸਮੂਹ ਜਥੇਬੰਦੀਆਂ ਏਟਕ, ਇੰਟਕ, ਸੀਟੂ, ਐਸ ਸੀ ਬੀ ਸੀ ਤੇ ਕਰਮਚਾਰੀ ਦਲ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਗੇਟ ਰੈਲੀ ਵਿੱਚ ਆ ਕੇ ਵਰਕਰਾਂ ਨੂੰ ਸੰਬੋਧਨ ਕੀਤਾ ਅਤੇ ਇਨ੍ਹਾਂ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਜੇਕਰ ਸਰਕਾਰ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰ ਕਰਦੀ ਹੈ ਜਾਂ ਕਿਸੇ ਤਰਾਂ ਦਾ ਵੀ ਵੱਧਵਾਂ ਐਕਸ਼ਨ ਕਰਦੀ ਹੈ ਤਾਂ ਤੁਰੰਤ ਵੱਡੇ ਪੱਧਰ 'ਤੇ ਸੰਘਰਸ਼ ਕੀਤੇ ਜਾਣਗੇ।

**ਜਗਰਾਉਂ (ਸੰਜੀਵ ਅਰੋੜਾ)**: ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਜਗਰਾਉਂ ਡਿਪੂ 'ਤੇ ਗੇਟ ਰੈਲੀ ਕੀਤੀ ਗਈ। ਇਸ ਮੌਕੇ ਸੂਬਾ ਸਹਾਇਕ ਸਕੱਤਰ ਜਲੌਰ ਸਿੰਘ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਸਰਕਾਰ ਜਦੋਂ ਸੱਤਾ ਵਿੱਚ ਨਹੀਂ ਸੀ, ਉਸ ਸਮੇਂ ਵੱਡੇ-ਵੱਡੇ ਬਿਆਨ ਦਿੰਦੀ ਸੀ ਕਿ ਠੇਕੇਦਾਰਾਂ ਦੇ ਹੱਥ ਮੌਜੂਦਾ ਸਰਕਾਰਾਂ ਨਾਲ ਜੁੜਦੇ ਹਨ ਤੇ ਪੰਜਾਬ ਦੇ ਨੌਜਵਾਨ ਦਾ ਸ਼ੋਸ਼ਣ ਕਰ ਰਹੇ ਹਨ, ਇਸ ਦੀਆਂ ਵੀਡੀਓਜ਼ ਆਦਿ ਵੀ ਟਰਾਂਸਪੋਰਟ ਮੰਤਰੀ ਪੰਜਾਬ ਦੀਆਂ ਨੈੱਟ 'ਤੇ ਪਾਈਆਂ ਗਈਆਂ ਹਨ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੇ ਸਾਰ ਹੀ ਠੇਕੇਦਾਰੀ ਸਿਸਟਮ ਨੂੰ ਖਤਮ ਕਰ ਦੇਵਾਂਗੇ, ਪਰ ਅੱਜ ਸਰਕਾਰ ਬਣੀ ਨੂੰ 3 ਸਾਲ ਤੋਂ ਵੀ ਉਪਰ ਦਾ ਸਮਾਂ ਹੋ ਗਿਆ ਹੈ, ਪ੍ਰੰਤੂ ਇੱਕ ਵੀ ਮੁਲਾਜ਼ਮ ਨੂੰ ਪੱਕਾ ਨਹੀਂ ਕੀਤਾ ਗਿਆ।

ਠੇਕੇਦਾਰੀ ਸਿਸਟਮ ਜਿਉਂ ਦੀ ਤਿਉਂ ਚੱਲ ਰਿਹਾ, ਕੁਰਪਸ਼ਨ ਦੇ ਨਾਲ ਵਿਭਾਗਾਂ ਦੇ ਵਿੱਚ ਭਰਤੀ ਕੀਤੀ ਜਾ ਰਹੀ ਹੈ। ਡਿੱਪੂ ਪ੍ਰਧਾਨ ਸੋਹਣ ਸਿੰਘ ਤੇ ਡੀਪੂ ਸੈਕਟਰੀ ਹਰਮਿੰਦਰ ਸਿੰਘ ਬੋਲਦਿਆਂ ਕਿਹਾ ਕਿ ਪਨਬਸ/ਪੀ.ਆਰ.ਟੀ.ਸੀ ਦੇ ਕੱਚੇ ਮੁਲਾਜ਼ਮਾਂ ਦਾ ਲੰਮੇ ਸਮੇ ਤੋਂ ਠੇਕੇਦਾਰੀ ਸਿਸਟਮ ਤਹਿਤ ਸ਼ੋਸ਼ਣ ਹੋ ਰਿਹਾ ਹੈ ਤੇ ਬੀਤੇ ਦਿਨੀਂ ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ ਕਮੇਟੀ ਗਠਿਤ ਕੀਤੀ ਗਈ, 2 ਮਹੀਨੇ ਦੇ ਵਿੱਚ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ, ਪ੍ਰੰਤੂ ਅੱਜ 1 ਸਾਲ 5 ਮਹੀਨੇ ਬੀਤ ਚੁੱਕੇ ਨੇ ਕੋਈ ਹੱਲ ਨਹੀਂ ਹੋਇਆ। ਹੁਣ ਜੇਕਰ ਸਰਕਾਰ ਨੇ ਮੰਗਾਂ ਦਾ ਹੱਲ ਨਾ ਕੀਤਾ ਤਾਂ ਮਜਬੂਰੀ ਵਿੱਚ 9/10/11 ਜੁਲਾਈ ਨੂੰ ਯੂਨੀਅਨ ਵੱਲੋਂ ਪੂਰਨ ਤੌਰ ਤੇ ਪਨਬਸ ਪੀ ਆਰ ਟੀ ਸੀ ਦਾ ਚੱਕਾ ਜਾਮ ਕਰਕੇ ਸਰਕਾਰ ਖਿਲਾਫ ਰੋਸ ਧਰਨਾ ਦਿੱਤਾ ਜਾਵੇਗਾ ਤੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ।

## ਦੇਸ਼-ਵਿਆਪੀ ਹੜਤਾਲ 'ਚ ਪੰਜਾਬ ਭਰ ਦੇ ਨਰੇਗਾ ਕਾਮੇ ਸ਼ਾਮਲ ਹੋਣਗੇ : ਕਸ਼ਮੀਰ ਗਦਾਈਆ

**ਨਾਭਾ (ਵਰਿੰਦਰ ਵਰਮਾ)**-ਦੇਸ਼ ਭਰ ਦੀਆਂ 10 ਟ੍ਰੇਡ ਯੂਨੀਅਨਾਂ ਕੇਂਦਰ ਦੀ ਮੋਦੀ ਹਕੂਮਤ ਵੱਲੋਂ ਤੇਜ਼ੀ ਨਾਲ਼ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ, ਦੇਸ਼ ਦੀ ਕਿਰਤੀ ਧਿਰ ਨੂੰ ਮੰਚ 'ਤੇ ਇਕੱਠੇ ਕਰਕੇ ਲਗਾਤਾਰ ਸੰਘਰਸ਼ ਜਾਰੀ ਰੱਖਣ ਲਈ 9 ਜੁਲਾਈ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਵਿੱਚ ਪੰਜਾਬ ਭਰ ਦੇ ਨਰੇਗਾ ਕਾਮੇਂ ਇਸ ਹੜਤਾਲ਼ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਨਗੇ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਮਜ਼ਦੂਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਬੜੀ ਤੇਜ਼ੀ ਨਾਲ਼ ਰੁਜ਼ਗਾਰ ਦੇਣ ਵਾਲੇ ਜੋ ਮੁਨਾਫ਼ੇ ਵਾਲੇ ਅਦਾਰੇ ਹਨ, ਉਨ੍ਹਾਂ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਦੇ ਰਹੀ ਹੈ, ਲਗਪਗ ਸਾਰੀਆਂ ਹੀ ਸਰਕਾਰੀ ਅਦਾਰਿਆਂ ਨੂੰ ਪੂੰਜੀਪਤੀਆਂ ਹਵਾਲੇ ਕਰਨ ਲੱਗੀ ਹੋਈ ਹੈ, ਵਿੱਦਿਅਕ ਅਦਾਰੇ, ਲੋਕਾਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲ਼ੇ ਅਦਾਰਿਆਂ ਨੂੰ ਵੇਚ ਕੇ ਦੇਸ਼ ਦੀ ਜਨਤਾ ਨੂੰ ਵਿੱਦਿਆ ਤੇ ਇਲਾਜ ਵਿਹੂਣੇ ਕਰਨ 'ਤੇ ਲੱਗੀ ਹੋਈ, ਕਾਰਖਾਨਿਆਂ ਵਿੱਚ ਯੂਨੀਅਨ ਬਣਾਉਣ ਤੇ ਪਾਬੰਦੀਆਂ ਮੜੀਆਂ ਜਾ ਰਹੀਆਂ ਹਨ, 4 ਲੇਬਰ ਕੋਡ ਬਣਾ ਕੇ ਟ੍ਰੇਡ ਯੂਨੀਅਨ ਹੱਕਾਂ ਤੇ ਡਾਕਾਂ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਵਾਨੀ ਨੂੰ ਰੁਜ਼ਗਾਰ ਦੇਣ ਦੀ ਬਜਾਏ ਉਨ੍ਹਾਂ ਮੁਸਲਮਾਨ ਹਿੰਦੂ ਕਰਕੇ ਲੜਾਇਆ ਜਾ ਰਿਹਾ ਹੈ, ਦੇਸ਼ ਵਿੱਚ ਕੱਚੇ ਕਾਮਿਆਂ ਨੂੰ ਨਿਗੂਣੀਆਂ ਜਿਹੀਆਂ ਤਨਖਾਹ ਦੇ ਕੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਇਸ ਲਈ ਦੇਸ਼ ਦੇ ਕਰੋੜਾਂ ਕਾਮੇ 9 ਜੁਲਾਈ ਨੂੰ ਹੜਤਾਲ਼ ਕਰਨਗੇ, ਜਿਨ੍ਹਾਂ ਵਿੱਚ ਟ੍ਰਾਂਸਪੋਰਟ, ਬਿਜਲੀ, ਬੈਂਕਾਂ, ਰੇਲਵੇ, ਸਨਅਤੀ ਕਾਮੇਂ, ਆਂਗਨਵਾੜੀ, ਆਸਾਂ ਵਰਕਰ, ਮਿੱਡ ਡੇ ਮੀਲ ਕਾਮੇਂ, ਭੱਠਿਆਂ ਦੇ ਮਜ਼ਦੂਰ ਤੇ ਹੋਰ ਬਹੁਤ ਸਾਰੇ ਅਦਾਰਿਆਂ ਦੇ ਕਾਮੇਂ ਹੜਤਾਲ਼ ਕਰਕੇ ਵੱਡੀਆਂ ਰੈਲੀਆਂ ਕੇਂਦਰ ਮੋਦੀ ਹਕੂਮਤ ਖਿਲਾਫ ਕਰਨਗੇ।

ਇਸ ਸਮੇਂ ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਗਦਾਈਆ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਆਗੂ ਸੁਖਦੇਵ ਸਿੰਘ ਮੌਲਾ, ਅਮਰਜੀਤ ਸਿੰਘ, ਮਹਿੰਦਰ ਕੌਰ, ਭਿੰਦਰ ਸਿੰਘ ਕੌਲੀ, ਅੰਗਰੇਜ਼ ਕੌਰ ਨੇ ਸੰਬੋਧਨ ਕਰਦਿਆ ਕਿਹਾ ਕਿ ਨਾਭਾ ਤਹਿਸੀਲ ਦੇ ਨਰੇਗਾ ਕਾਮੇਂ ਵੱਖ ਵੱਖ ਮਜ਼ਦੂਰ ਮੁਲਜ਼ਮ ਤੇ ਕਿਸਾਨਾਂ ਦੀਆਂ ਦੇ ਫੈਸਲੇ ਅਨੁਸਾਰ ਪਟਿਆਲਾ ਗੇਟ ਅੱਗੇ ਇਕੱਠੇ ਹੋ ਕੇ ਰੈਲੀ ਕਰਨਗੇ ਤੇ ਬਜ਼ਾਰਾਂ ਵਿੱਚ ਮਾਰਚ ਕਰਕੇ ਬੌੜਾਂ ਗੇਟ ਸਮਾਪਤੀ ਕਰਨਗੇ।

## ਅੱਧਾ ਕਿਲੋ ਤੋਂ ਵੱਧ ਹੈਰੋਇਨ ਸਮੇਤ 2 ਨਸ਼ਾ ਤਸਕਰ ਕਾਬੂ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਡਾ. ਪ੍ਰਿਗਿਆ ਜੈਨ ਐਸ.ਐਸ.ਪੀ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਤਹਿਤ ਪੁਲਸ ਵੱਲੋਂ ਨਸ਼ਿਆਂ ਖਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਲਗਾਤਾਰ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ। ਇਸੇ ਤਹਿਤ ਇੱਕ ਹੋਰ ਵੱਡੀ ਸਫ਼ਲਤਾ ਹਾਸਲ ਕਰਦੇ ਹੋਏ ਥਾਣਾ ਸਾਦਿਕ ਵੱਲੋਂ 02 ਨਸ਼ਾ ਤਸਕਰਾਂ ਨੂੰ 522 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਸ਼ਮਸ਼ੇਰ ਸਿੰਘ ਤੇ ਗਗਨਦੀਪ ਸਿੰਘ ਵਜੋਂ ਹੋਈ ਹੈ, ਜੋ ਤਰਨਤਾਰਨ ਜ਼ਿਲ੍ਹੇ ਨਾਲ ਸਬੰਧਿਤ ਹਨ।ਪੁਲਸ ਟੀਮਾਂ ਵੱਲੋਂ ਦੋਸ਼ੀਆਂ ਦੇ 02 ਮੋਬਾਇਲ ਫੋਨ ਵੀ ਕਬਜ਼ੇ ਵਿੱਚ ਲਏ ਗਏ ਹਨ।ਜਾਣਕਾਰੀ ਮੁਤਾਬਕ 05.07.2025 ਨੂੰ ਥਾਣਾ ਸਾਦਿਕ ਦੀ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਦਾਣਾ ਮੰਡੀ ਸਾਦਿਕ ਵਿਖੇ ਨੂੰ ਸ਼ਮਸ਼ੇਰ ਸਿੰਘ ਤੇ ਗਗਨਦੀਪ ਸਿੰਘ ਨੂੰ ਸ਼ੱਕ ਦੀ ਬਿਨਾਹ 'ਤੇ ਰੋਕ ਸ਼੍ਰੀ ਤਰਲੋਚਨ ਸਿੰਘ ਡੀ.ਐਸ.ਪੀ (ਸਬ-ਡਵੀਜ਼ਨ) ਫ਼ਰੀਦਕੋਟ ਦੀ ਮੌਜੂਦਗੀ ਵਿੱਚ ਤਲਾਸ਼ੀ ਕੀਤੀ ਤਾਂ ਦੋਸ਼ੀ ਸ਼ਮਸ਼ੇਰ ਸਿੰਘ ਪਾਸੋਂ 258 ਗ੍ਰਾਮ ਹੈਰੋਇਨ ਤੇ ਦੋਸ਼ੀ ਗਗਨਦੀਪ ਸਿੰਘ 

8-JULY-PAGE-6.qxd 7/7/2025 9:12 PM Page 1



## ਸੁਖਦੀਪ ਕੌਰ ਦਾ ਪੰਜਾਬੀ ਓਲੰਪਿਆਡ 'ਚ ਸ਼ਾਨਦਾਰ ਪ੍ਰਦਰਸ਼ਨ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਹਮੀਦੀ (ਬਰਨਾਲਾ) ਦੀ ਵਿਦਿਆਰਥਣ ਸੁਖਦੀਪ ਕੌਰ ਨੇ ਅੰਤਰਰਾਸ਼ਟਰੀ ਪੱਧਰ 'ਤੇ ਕਰਵਾਈ ਗਈ ਪੰਜਾਬੀ ਓਲੰਪਿਆਡ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ।ਇਸ ਉਪਲਬਧੀ ਰਾਹੀਂ ਸੁਖਦੀਪ ਕੌਰ ਨੇ ਆਪਣੇ ਸਕੂਲ, ਪਿੰਡ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਇਨਾਮ ਵੰਡ ਸਮਾਰੋਹ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਚੇਅਰਮੈਨ ਡਾ: ਅਮਰਪਾਲ ਸਿੰਘ ਆਦਿ ਵੱਲੋਂ ਹੋਣਹਾਰ ਵਿਦਿਆਰਥਣ ਨੂੰ 3100 ਰੁਪਏ ਨਕਦ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸੁਖਦੀਪ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਅਧਿਆਪਕਾਂ, ਮਾਪਿਆਂ ਤੇ ਸਮੁੱਚੇ ਪਿੰਡ ਵਾਸੀਆਂ ਨੇ ਵਧਾਈਆਂ ਦਿੱਤੀਆਂ।ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸ੍ਰੀਮਤੀ ਇੰਦੂ ਸਿੰਮਕ ਨੇ ਵੀ ਜੇਤੂ ਵਿਦਿਆਰਥਣ ਨੂੰ ਵਧਾਈਆਂ ਦਿੱਤੀਆਂ।ਹੈੱਡਮਾਸਟਰ ਅਸ਼ਵਨੀ ਕੁਮਾਰ ਨੇ ਕਿਹਾ ਕਿ ਇਹ ਕਾਮਯਾਬੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਵੱਲ ਉਤਸ਼ਾਹਤ ਕਰੇਗੀ ਤੇ ਹੋਰ ਬੱਚਿਆਂ ਲਈ ਪ੍ਰੇਰਣਾ ਦਾ ਸਰੋਤ ਬਣੇਗੀ।

## ਸੁਰਜੀਤ ਨਗਰ ਦੇ ਸਿਆਸੀ ਆਗੂਆਂ ਨੇ ਅਕਾਲੀ ਦਲ ਦਾ ਪੱਲਾ ਫੜਿਆ

**ਬਠਿੰਡਾ (ਰਾਜੀਵ ਗੋਇਲ)**-ਕਸਬਾ ਭਗਤਾ ਭਾਈ ਕਾ ਦੇ ਨਾਲ ਲੱਗਦੇ ਸੁਰਜੀਤ ਨਗਰ ਦੇ ਕਈ ਸਿਆਸੀ ਆਗੂਆਂ ਵੱਲੋਂ ਕਾਂਗਰਸ ਨੂੰ ਅਲਵਿਦਾ ਆਖ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ ਗਿਆ। ਜਿਉਂ-ਜਿਉਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਤਿਉਂ-ਤਿਉਂ ਜਿੱਥੇ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਵੱਲੋਂ ਲੋਕਾਂ ਨੂੰ ਆਪੋ-ਆਪਣੀਆਂ ਪਾਰਟੀਆਂ 'ਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸੁਰਜੀਤ ਨਗਰ ਦੇ ਕਾਂਗਰਸ ਨੂੰ ਅਲਵਿਦਾ ਆਖ ਸ਼੍ਰੋਮਣੀ ਅਕਾਲੀਦਲ 'ਚ ਸ਼ਾਮਲ ਹੋਣ ਵਾਲੇ ਲੋਕਾਂ ਵਿੱਚ ਮਾਸਟਰ ਹੰਸ ਸੋਹੀ, ਜਗਜੀਤ ਸਿੰਘ ਬਾਦਲ, ਗੁਰਜੰਟ ਸਿੰਘ ਫੌਜੀ, ਕੁਲਵਿੰਦਰ ਸਿੰਘ ਕੈਰੀ ਸ਼ਾਮਲ ਹਨ। ਮਲੂਕਾ ਵੱਲੋਂ ਪਾਰਟੀ 'ਚ ਸ਼ਾਮਲ ਹੋਣ ਵਾਲੇ ਸਾਰੇ ਹੀ ਆਗੂਆਂ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਗੱਲ ਆਖੀ ਗਈ ਹੈ।

## ਜ਼ਿਲ੍ਹਾ ਵਾਲੀਬਾਲ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ, ਡਾ. ਅੰਮ੍ਰਿਤਪਾਲ ਸਿੱਧੂ ਸਕੱਤਰ ਤੇ ਸੁੱਖ ਸਾਹੋਕੇ ਪ੍ਰਧਾਨ ਚੁਣੇ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਸੰਗਰੂਰ ਵਿੱਚ ਖੇਡਾਂ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਤੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਵਾਲੀਬਾਲ ਖੇਡ ਨਾਲ ਜੋੜਨ ਲਈ ਜ਼ਿਲ੍ਹਾ ਵਾਲੀਬਾਲ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ ਹੋਈ।ਇਸ ਚੋਣ ਵਿੱਚ ਡਾਕਟਰ ਅੰਮ੍ਰਿਤਪਾਲ ਸਿੱਧੂ ਸਕੱਤਰ ਤੇ ਲਖਵਿੰਦਰ ਸਿੰਘ ਸੁੱਖ ਸਾਹੋਕੇ ਪ੍ਰਧਾਨ ਚੁਣੇ ਗਏ।ਇਸ ਤੋਂ ਇਲਾਵਾ ਨਰਿੰਦਰ ਮੌੜ, ਗੁਰਦੀਪ ਮੌੜ ਤੇ ਅਜੇ ਨਾਗਰ ਨੂੰ ਸਰਪ੍ਰਸਤ ਚੁਣਿਆ ਗਿਆ।ਇਸ ਚੋਣ ਮੀਟਿੰਗ ਵਿੱਚ ਜ਼ਿਲ੍ਹਾ ਸੰਗਰੂਰ ਦੇ ਸਮੂਹ ਵਾਲੀਬਾਲ ਖਿਡਾਰੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਨਵੇਂ ਚੁਣੇ ਸਕੱਤਰ ਡਾਕਟਰ ਅੰਮ੍ਰਿਤਪਾਲ ਸਿੱਧੂ ਨੇ ਦੱਸਿਆ ਕਿ ਬਾਕੀ ਅਹੁਦੇਦਾਰਾਂ ਵਿੱਚ ਖਜ਼ਾਨਚੀ ਚਮਕੌਰ ਸਿੰਘ, ਸਹਾਇਕ ਖਜ਼ਾਨਚੀ ਬੇਅੰਤ ਸਿੰਘ ਦਿੜਬਾ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸਿੰਘ ਰੇਲਵੇ ਦਿੜਬਾ ਅਤੇ ਗੁਰਚਰਨ ਸਿੰਘ ਰੋਗਲਾ, ਮੀਤ ਪ੍ਰਧਾਨ ਜਗਸੀਰ ਸਿੰਘ ਗਾਂਧੀ ਲੋਗੋਵਾਲ ਅਤੇ ਗਗਨਦੀਪ ਸਿੰਘ ਦੁੱਗਾ ਪੀ ਪੀ, ਪ੍ਰੈਸ ਸਕੱਤਰ ਤੇਜਿੰਦਰ ਸਿੰਘ ਢੱਡਰੀਆਂ ਚੁਣੇ ਗਏ ਹਨ।ਇਸੇ ਤਰ੍ਹਾਂ ਕੁੜੀਆਂ ਦੀ ਟੀਮ ਦੇ ਨੋਡਲ ਇੰਚਾਰਜ ਨਵਜੋਤਇੰਦਰ ਕੌਰ ਜੋਤੀ ਤੇ ਮਹਿੰਦਰ ਕੌਰ ਸੱਤੀ (ਸਪੋਰਟਸ ਵਿਭਾਗ), ਮੁੰਡੇ ਦੀ ਟੀਮ ਦੇ ਨੋਡਲ ਸਮਸ਼ੇਰ ਸਿੰਘ (ਸਬ-ਇੰਸਪੈਕਟਰ) ਅਤੇ ਜਗਬੀਰ ਸਿੰਘ (ਖੇਡ ਵਿਭਾਗ) ਨਿਯੁਕਤ ਕੀਤੇ ਗਏ।

## 'ਆਪ' ਸਰਕਾਰ ਨੂੰ ਤਿੰਨ ਸਾਲ ਬਾਅਦ ਜਾਗ ਆਈ : ਹਰਦੀਪ ਦੌਲਤਪੁਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਪ੍ਰਦੇਸ਼ ਕਾਂਗਰਸ ਕਿਸਾਨ ਵਿੰਗ ਕਮੇਟੀ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਕਿਹਾ, 'ਆਪ ਸਰਕਾਰ ਤਿੰਨ ਸਾਲ ਸੁੱਤੀ ਰਹੀ, ਹੁਣ ਜਾ ਕੇ ਜਾਗੀ ਹੈ ਅਤੇ ਸਖ਼ਤ ਕਾਨੂੰਨ ਬਣਾਉਣ ਦੀ ਸੋਚ ਰਹੀ ਹੈ।' ਉਨ੍ਹਾਂ ਕਿਹਾ ਕਿ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ, ਪਰ ਘੱਗਰ ਦਰਿਆ ਵਿੱਚ ਵਧਦੇ ਪਾਣੀ ਦੇ ਪੱਧਰ ਨੂੰ ਲੈ ਕੇ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਰਾਜ ਹੈ, ਜੇਕਰ ਖੇਤੀ ਨਹੀਂ ਰਹੀ ਤਾਂ ਪੰਜਾਬ ਦੀ ਆਮਦਨ ਖਤਮ ਹ�ो ਜਾਵੇਗੀ।ਉਨ੍ਹਾਂ ਲੈਂਡ ਪੂਲਿੰਗ ਯੋਜਨਾ ਨੂੰ ਗਲਤ ਦੱਸਿਆ ਅਤੇ ਕਿਹਾ ਕਿ ਕਿਸਾਨਾਂ ਦੀ ਭੂਮੀ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਨਹੀਂ ਲੈਣੀ ਚਾਹੀਦੀ।ਉਨ੍ਹਾਂ ਕਿਹਾ ਕਿ ਪੰਜਾਬ ਦੀ ਅਵਾਮ ਕਾਂਗਰਸ ਪਾਰਟੀ ਨੂੰ ਸੱਤਾ ਵਿੱਚ ਵੇਖਣ ਲਈ ਤਤਪਰ ਨਜ਼ਰ ਆ ਰਹੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੀ ਤਰ੍ਹਾਂ ਉਨ੍ਹਾਂ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚੋਂ ਚੱਲਦਾ ਕਰਨ ਦਾ ਮਨ ਬਣਾ ਲਿਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਦਲਾਓ ਦਾ ਝੂਠਾ ਵਾਅਦਾ ਕਰਕੇ ਸੱਤਾ ਵਿਚ ਆਈ ਇਸ ਪਾਰਟੀ ਨੇ ਭ੍ਰਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਟੱਪ ਲਈਆਂ ਹਨ ਤੇ ਉਲਟਾ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਉਨ੍ਹਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪ ਨੇ ਪੰਜਾਬ ਦਾ ਵਿਕਾਸ ਨਹੀਂ ਵਿਨਾਸ਼ ਕੀਤਾ ਹੈ ਤੇ ਪੰਜਾਬ ਸਿਰ ਲੱਖਾਂ ਕਰੋੜ ਦਾ ਕਰਜ਼ਾ ਚੜ੍ਹਾ ਦਿੱਤਾ ਹੈ।ਉਨ੍ਹਾਂ ਕਿਹਾ ਪੰਜਾਬੀਆਂ ਦੇ ਪੈਸੇ ਉਪਰ ਦਿੱਲੀ ਤੋਂ ਨਕਾਰੇ ਲੋਕ ਹੈਲੀਕਾਪਟਰਾਂ ਉਪਰ ਨਜ਼ਾਰੇ ਲੈ ਰਹੇ ਹਨ।ਉਨ੍ਹਾਂ ਕਿਹਾ ਇਹ ਪਹਿਲੀ ਸਰਕਾਰ ਹੈ, ਜਿਥੇ ਮੁੱਖ ਮੰਤਰੀ ਉਦਘਾਟਨ ਆਪ ਨਹੀਂ ਨਕਾਰੇ ਹੋਏ ਲੋਕਾਂ ਕੋਲੋਂ ਕਰਵਾ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਹੁਣ ਇਨ੍ਹਾਂ ਦੇ ਦਿਨ ਲੰਘ ਗਏ ਹਨ ਅਤੇ ਤਕੜੇ ਹੋ ਕੇ ਕਾਂਗਰਸ ਪਾਰਟੀ ਦਾ ਸਾਥ ਦਿਓ ਤਾਂ ਜੁ ਪੰਜਾਬ ਨੂੰ ਇਨ੍ਹਾਂ ਲੁਟੇਰਿਆਂ ਤੋਂ ਮੁਕਤ ਕਰਕੇ ਮੁੜ ਵਿਕਸਤ ਪੰਜਾਬ ਬਣਾਇਆ ਜਾਵੇ।ਉਨ੍ਹਾਂ ਕਿਹਾ ਆਪ ਸਰਕਾਰ ਹਰ ਵਾਅਦੇ ਤੋਂ ਭੱਜੀ ਹੈ ਤੇ ਔਰਤਾਂ ਨੂੰ ਹਜ਼ਾਰ ਰੁਪਏ ਦੇਣ ਦਾ ਵਾਅਦਾ ਵੀ ਇੱਕ ਹੈ।

## ਪੰਜਾਬੀ ਸਾਹਿਤ ਸਭਾ ਪਾਤੜਾਂ ਦੀ ਮੀਟਿੰਗ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬੀ ਸਾਹਿਤ ਸਭਾ ਪਾਤੜਾਂ ਦੀ ਮਹੀਨਾਵਾਰ ਸਾਹਿਤਕ ਇਕੱਤਰਤਾ ਬੱਤਰਾ ਅਕੈਡਮੀ ਵਿਖੇ ਸਭਾ ਦੇ ਪ੍ਰਧਾਨ ਤਰਸੇਮ ਖਾਸਪੁਰੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਪ੍ਰਸਿੱਧ ਪੰਜਾਬੀ ਸ਼ਾਇਰ ਰਾਮਪਾਲ ਰਾਜਲਹੇੜੀ ਅਤੇ ਪ੍ਰਸਿੱਧ ਤਰਕਸ਼ੀਲ ਆਗੂ ਤੇ ਗੀਤਕਾਰ ਗੁਰਜੰਟ ਸਿੰਘ ਜੰਟੀ ਬਣਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਹਾਜ਼ਰ ਸਾਹਿਤਕਾਰਾਂ ਵੱਲੋਂ ਮੌਜੂਦਾ ਸਮੇਂ ਦੌਰਾਨ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਨ ਦੇ ਨਾਲ ਨਾਲ ਰਚਨਾਵਾਂ ਦਾ ਪਾਠ ਕੀਤਾ।ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਜਤਿਨ ਬੱਤਰਾ, ਵਿਨੋਦ ਜਿੰਦਲ ਘੱਗਾ, ਰਾਮਫਲ ਰਾਜਲਹੇੜੀ, ਗੁਰਚਰਨ ਸਿੰਘ ਰੋਗਲਾ, ਜੱਗੀ ਘੰਗਰੋਲੀ, ਪ੍ਰੀਤ ਮੁਸਾਫ਼ਿਰ, ਗੁਰਪ੍ਰੀਤ ਸ਼ੁਤਰਾਣਾ, ਦਰਸ਼ਨ ਸਿੰਘ ਲਾਡਬੰਨਜਾਰਾ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਮੌਕੇ ਪਹੁੰਚੇ ਸਾਹਿਤ ਪ੍ਰੇਮੀਆਂ ਵੱਲੋਂ ਸਮਾਜ ਨੂੰ ਸੇਧ ਦੇਣ ਵਾਲੀਆਂ ਪੜ੍ਹੀਆਂ ਰਚਨਾਵਾਂ ਮਾਂ ਬੋਲੀ ਪੰਜਾਬੀ ਨੂੰ ਸਮਰਪਤ ਹੁੰਦੇ ਹੋਏ ਅੱਜ ਦੇ ਆਧੁਨਿਕ ਯੁੱਗ ਦੀ ਤਰਜ਼ਮਾਨੀ ਕਰਦੀਆਂ ਸਨ।ਮੀਟਿੰਗ ਵਿੱਚ ਹਾਜ਼ਰ ਲੇਖਕਾਂ ਵੱਲੋਂ ਪੜ੍ਹੀਆਂ ਗਈਆਂ ਰਚਨਾਵਾਂ 'ਤੇ ਉਸਾਰੂ ਬਹਿਸ ਹੋ ਗਈ।ਮੰਚ ਸੰਚਾਲਨ ਮਨਿੰਦਰ ਕਾਫ਼ਰ ਵੱਲੋਂ ਬਾਖੂਬੀ ਕੀਤਾ ਗਿਆ।ਅੰਤ ਵਿੱਚ ਸਭਾ ਦੇ ਪ੍ਰਧਾਨ ਤਰਸੇਮ ਖਾਸਪੁਰੀ ਨੇ ਪਹੁੰਚੇ ਲੇਖਕਾਂ ਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਨਵ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 'ਚ 'ਜਜ਼ਬਾਤਾਂ ਦੇ ਰਾਹ' ਪੁਸਤਕ ਲੋਕ ਅਰਪਣ



**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸਾਹਿਤਕ ਸੰਸਥਾ ਨਵ ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਮਾਸਟਰ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰੀ ਹਾਈ ਸਕੂਲ ਵਿਖੇ ਹੋਈ।ਇਸ ਮੀਟਿੰਗ ਦੀ ਕਾਰਵਾਈ ਸਬੰਧੀ ਸਕੱਤਰ ਵਿਵੇਕ ਕੋਟ ਈਸੇ ਖਾਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੀਟਿੰਗ ਗੀਤਕਾਰ ਖੁਸ਼ਹਾਲ ਘਲੋਟੀ ਜੋ ਕਿ ਸਭਾ ਦੇ ਸਰਪ੍ਰਸਤ ਸਨ, ਅਚਾਨਕ ਸੰਖੇਪ ਬੀਮਾਰੀ ਨਾਲ ਵਿਛੋੜਾ ਦੇ ਗਏ ਸਨ, ਨੂੰ ਸਮਰਪਤ ਕੀਤੀ ਗਈ ਅਤੇ ਉਨ੍ਹਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।ਦੋ ਪੜਾਅ ਵਿੱਚ ਚੱਲੀ ਇਸ ਬੈਠਕ ਵਿੱਚ ਪਹਿਲੇ ਪੜਾਅ ਵਿੱਚ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਜੀਵਨ ਸਿੰਘ ਹਾਣੀ, ਸ਼ਮਸ਼ੇਰ ਸਿੰਘ, ਗੁਰਦੀਪ ਸਿੰਘ ਪਿੰਡਾ, ਵਿਵੇਕ, ਰਾਮਪਾਲ ਗਿੱਲ, ਜਗਜੀਤ ਸਿੰਘ ਝਤਰਾ, ਸੁਖਰਾਜ ਜ਼ੀਰਾ, ਅਮਰਜੀਤ ਸਿੰਘ ਸਨੇਰਵੀ, ਸੁਖਬੀਰ ਮੁਹੱਬਤ, ਜਸਵੰਤ ਕੜਿਆਲ, ਹਰੀ ਦਾਸ ਚੌਹਾਨ, ਸ਼ੁਭਮ ਚੌਹਾਨ, ਖੇਤਪਾਲ ਸਿੰਘ, ਮੈਡਮ ਰਮਨਦੀਪ ਕੌਰ, ਦੀਪ ਜੀਰਵੀ, ਦਲਜੀਤ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਸੁਖਵਿੰਦਰ ਕੌਰ, ਸੰਤੋਖ ਸਿੰਘ, ਪਵਨ ਕੁਮਾਰ, ਸਿਮਰਨਪ੍ਰੀਤ ਸਿੰਘ ਆਦਿ ਨੇ ਰਚਨਾਵਾਂ ਸੁਣਾਈਆਂ।ਗੁਰਦੀਪ ਸਿੰਘ ਪਿੰਡਾ ਨੇ ਵਿੱਛੜੇ ਸਾਥੀ ਖੁਸ਼ਹਾਲ ਘਲੋਟੀ ਦੀਆਂ ਸਭਾ ਨੂੰ ਦਿੱਤੀਆਂ ਸੇਵਾਵਾਂ ਨੂੰ ਯਾਦ ਕੀਤਾ।ਅਗਲੇ ਪੜਾਅ ਵਿੱਚ ਸੰਪਾਦਿਤ ਪੁਸਤਕ ਜਜ਼ਬਾਤਾਂ ਦੇ ਰਾਹ (ਕਾਵਿ ਸੰਗ੍ਰਹਿ) ਬਾਰੇ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਰਾਮਪਾਲ ਗਿੱਲ, ਮੈਡਮ ਰਮਨਦੀਪ ਕੌਰ, ਮੈਡਮ ਸੁਖਵਿੰਦਰ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪੁਸਤਕ ਹੋਂਦ ਵਿੱਚ ਆਈ। ਅੰਤ ਵਿੱਚ ਸਮੁੱਚੀ ਕਾਰਜਕਾਰਨੀ ਤੇ ਅਹੁਦੇਦਾਰਾਂ ਨੇ ਪੁਸਤਕ ਲੋਕ ਅਰਪਣ ਕਰਨ ਦੀ ਰਸਮ ਨਿਭਾਈ ਤੇ ਸੰਗ੍ਰਹਿ ਵਿੱਚ ਸ਼ਾਮਲ ਕਵੀਆਂ ਨੂੰ ਵਧਾਈ ਪੇਸ਼ ਕੀਤੀ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੀ ਰਾਤ ਸਰਹਿੰਦ ਨੇੜਲੇ ਪਿੰਡ ਆਦਮਪੁਰ ਨਜ਼ਦੀਕ ਵਾਪਰੇ ਸੜਕ ਹਾਦਸੇ 'ਚ ਇੱਕ ਜੀਪ ਚਾਲਕ ਦੀ ਮੌਤ ਹੋ ਜਾਣ ਅਤੇ ਉਸ ਦੇ ਇੱਕ ਰਿਸ਼ਤੇਦਾਰ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਸੂਚਨਾ ਹੈ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਸਰਹਿੰਦ ਦੇ ਸਬ-ਇੰਸਪੈਕਟਰ ਮਨਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਸਰਹਿੰਦ-ਪਟਿਆਲਾ ਰੋਡ 'ਤੇ ਪਿੰਡ ਆਦਮਪੁਰ ਨੇੜਲੇ ਨੰਬਰਦਾਰ ਢਾਬੇ ਨਜ਼ਦੀਕ ਸੜਕ 'ਤੇ ਬਿਨਾਂ ਲਾਈਟਾਂ ਇੰਡੀਕੇਟਰਾਂ ਤੋਂ ਖੜ੍ਹੇ ਟਿੱਪਰ ਪਿੱਛੇ ਇੱਕ ਸਾਮਾਨ ਢੋਹਣ ਵਾਲੀ ਬੋਲੈਰੋ ਗੱਡੀ ਜਾ ਟਕਰਾਈ, ਜਿਸ ਕਾਰਨ ਬੋਲੈਰੋ ਗੱਡੀ ਦੇ ਡਰਾਈਵਰ ਬਲਵੰਤ ਰਾਮ ਉਰਫ ਕਾਕਾ ਵਾਸੀ ਚੀਮਾ (ਸੰਗਰੂਰ) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਗੱਡੀ 'ਚ ਉਸ ਦੇ ਨਾਲ ਬੈਠੇ ਸਿੰਕਦਰ ਸਿੰਘ (12) ਦੇ ਗੰਭੀਰ ਸੱਟਾਂ ਲੱਗੀਆਂ, ਜਿਸ ਨੂੰ ਇਲਾਜ ਲਈ ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਦਾਖਲ ਕਰਵਾਇਆ ਗਿਆ ਹੈ।ਥਾਣੇਦਾਰ ਮਨਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਬਲਵੰਤ ਰਾਮ ਤੇ ਉਸ ਦਾ ਰਿਸ਼ਤੇਦਾਰ ਸਿਕੰਦਰ ਸਿੰਘ ਬੋਲੈਰੋ ਗੱਡੀ 'ਚ ਹਿਮਾਚਲ ਪ੍ਰਦੇਸ਼ ਤੋਂ ਫਲ ਤੇ ਸਬਜ਼ੀ ਲੋਡ ਕਰਕੇ ਗੁਜ਼ਰਗਾਹਾਂ ਸਬਜ਼ੀ ਮੰਡੀ ਵਿਖੇ ਛੱਡਣ ਜਾ ਰਹੇ ਸਨ, ਜੋ ਕਿ ਆਦਮਪੁਰ ਨਜ਼ਦੀਕ ਪੁਹੰਚ ਕੇ ਹਾਦਸੇ ਦਾ ਸ਼ਿਕਾਰ ਹੋ ਗਏ ਤੇ ਉਨ੍ਹਾਂ ਦੀ ਬੋਲੈਰੋ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ।ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਟਿੱਪਰ ਦੇ ਨਾਮਾਲੂਮ ਚਾਲਕ ਵਿਰੁੱਧ ਕੇਸ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਮੋਦੀ ਸਰਕਾਰ ਖ਼ਿਲਾਫ਼ ਭਲਕੇ ਮਾਨਸਾ 'ਚ ਕੀਤਾ ਜਾਵੇਗਾ ਰੋਸ ਮਾਰਚ

**ਮਾਨਸਾ (ਆਤਮਾ ਸਿੰਘ ਪਮਾਰ)**-ਮੋਦੀ ਨੂੰ ਦੇਸ਼ ਦੇ ਆਮ ਮਿਹਨਤਕਸ਼ ਲੋਕਾਂ ਦੀਆਂ ਮੰਗਾਂ ਮਸਲਿਆਂ ਨਾਲ ਨਾ ਹੀ ਕੋਈ ਸਰੋਕਾਰ ਹੈ ਤੇ ਨਾ ਹੀ ਕੋਈ ਕੋਈ ਪ੍ਰਵਾਹ ਹੈ।

ਦੇਸ਼ ਵਿੱਚ ਮਹਿੰਗਾਈ, ਭ੍

8- July - Page - 7.qxd 7/7/2025 10:32 PM Page 1



# ਭਲਕ ਦੀ ਹੜਤਾਲ 'ਚ ਸੀ ਪੀ ਆਈ ਐੱਮ ਡਟ ਕੇ ਮਦਦ ਕਰੇਗੀ : ਸੇਖੋਂ

**ਬੰਗਾ (ਅਵਤਾਰ ਕਲੇਰ)** ਇੱਥੇ ਸੀ ਪੀ ਆਈ (ਐੱਮ )ਦੇ ਸੂਬਾ ਸਕੱਤਰ ਸਾਥੀ ਸੁਖਵਿੰਦਰ ਸਿੰਘ ਸੇਖੋਂ ਨੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ 'ਚ ਕਿਹਾ ਕਿ, ਸੀ ਪੀ ਆਈ (ਐਮ) 9 ਜੁਲਾਈ ਦੀ ਦੇਸ਼ ਵਿਆਪੀ ਪੜਤਾਲ ਵਿੱਚ ਡੱਟ ਕੇ ਮਦਦ ਕਰੇਗੀ। ਜ਼ਿਲ੍ਹਾ ਕਮੇਟੀ ਦੀ ਮੀਟਿੰਗ ਵਿੱਚ ਕਾਮਰੇਡ ਪ੍ਰੇਮ ਸਿੰਘ ਮੰਢਾਲੀ, ਉਹਨਾਂ ਦੀ ਧਰਮ ਪਤਨੀ ਬੀਬੀ ਹਰਜੀਤ ਕੌਰ ਅਤੇ ਪਿਛਲੇ ਦਿਨੀ ਕਰੋਸ਼ ਹੋਏ ਹਵਾਈ ਜ਼ਹਾਜ ਵਿੱਚ ਮਾਰੇ ਗਏ ਸਾਰੇ ਮੁਸਾਫਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸਾਥੀ ਗੁਰਦੇਵ ਸਿੰਘ ਭਾਰਟਾ ਨੇ ਕੀਤੀ। ਮੀਟਿੰਗ ਵਿੱਚ ਸਾਥੀ ਸੇਖੋਂ ਨੇ ਕਿਹਾ ਕਿ,ਮੋਦੀ ਸਰਕਾਰ ਨੇ 44 ਕਿਰਤ ਕਾਨੂੰਨ ਤੋੜ ਕੇ ਚਾਰ ਨਵੇਂ ਕੋਡ ਬਿੱਲ ਬਣਾ ਦਿੱਤੇ ਹਨ, ਜੋ ਕਿ ਦੇਸ਼ ਦੇ ਕਿਰਤੀ ਵਰਗ ਨਾਲ ਬਹੁਤ ਬੜਾ ਧੱਕਾ ਹੈ। ਇਸੇ ਤਰ੍ਹਾਂ ਨਰੇਗਾ ਮਜ਼ਦੂਰਾਂ ਦੇ ਮਸਲੇ, ਕਿਸਾਨਾਂ ਦੇ ਮਸਲੇ, ਇਸਤਰੀ, ਨੌਜਵਾਨ ਅਤੇ ਹੋਰ ਗਰੀਬ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ ਹਨ। ਮੋਦੀ ਸਰਕਾਰ ਲੋਕਾਂ ਨੂੰ ਧਾਰਮਿਕ ਤੌਰ 'ਤੇ ਵੰਡ ਕੇ ਆਪਣੇ ਰਾਜਗੱਦੀ ਦੀ ਉਮਰ ਲੰਬੀ ਕਰਨਾ ਚਾਹੁੰਦੀ ਹੈ। ਦੇਸ਼ ਦੇ ਧਰਮ ਨਿਰਪੱਖ ਸੰਵਿਧਾਨ ਨੂੰ ਬਦਲਣਾ ਚਾਹੁੰਦੀ ਹੈ। ਸਾਥੀ ਸੇਖੋਂ ਨੇ ਕਿਹਾ ਕਿ ਭਾਰਤ ਦੇ ਲੋਕ 9 ਜੁਲਾਈ ਦੀ ਹੜਤਾਲ ਨੂੰ ਕਾਮਯਾਬ ਕਰਕੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਪ੍ਰਤੀ ਆਪਣਾ ਡੱਟ ਕੇ ਵਿਰੋਧ ਪੇਸ਼ ਕਰਨਗੇ।ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਦੌਲਤਪੁਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਜਨਤਕ ਜਥੇਬੰਦੀਆਂ ਦਾ ਪੂਰਨ ਸਮਰਥਨ ਕੀਤਾ ਜਾਵੇਗਾ। ਕੁੱਲ ਹਿੰਦ ਕਿਸਾਨ ਸਭਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਜਨਵਾਦੀ ਇਸਤਰੀ ਸਭਾ ਦੇ ਜਿਲ੍ਹਾ ਅਜਲਾਸ ਕਾਮਯਾਬ ਕੀਤੇ ਜਾਣਗੇ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ 11 ਜੁਲਾਈ ਦੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਦੀ 35ਵੀਂ ਬਰਸੀ ਵਿੱਚ ਜ਼ਿਲ੍ਹੇ ਵਿੱਚੋਂ ਸਮੂਲੀਅਤ ਕਰਵਾਈ ਜਾਵੇਗੀ। ਲੋਕ ਲਹਿਰ ਦੇ ਬਕਾਏ ਹਰ ਹਾਲਤ ਵਿੱਚ ਭੇਜੇ ਜਾਣਗੇ ਅਤੇ ਇੱਕ ਅਗਸਤ ਨੂੰ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਦੇਸ਼ ਸੇਵਕ ਵਲੋਂ ਮਨਾਈ ਜਾ ਰਹੀ ਬਰਸੀ ਵਿੱਚ ਸਾਥੀ ਹਿੱਸਾ ਲੈਣਗੇ। ਮੀਟਿੰਗ 'ਚ ਸੂਬਾ ਸਕੱਤਰੇਤ ਮੈਂਬਰ ਸੁਖਪ੍ਰੀਤ ਜੌਹਲ, ਸੂਬਾ ਕਮੇਟੀ ਮੈਂਬਰ ਰਾਮ ਸਿੰਘ ਨੂਰਪੁਰੀ ਤੋਂ ਇਲਾਵਾ ਜੋਗਿੰਦਰ ਲੜੋਆ, ਕੁਲਦੀਪ ਝਿੰਗੜ,ਸੁਖਦੇਵ ਸਿੰਘ ਗਰਚਾ, ਪਰਮਜੀਤ ਸਿੰਘ ਰੌੜੀ, ਸੁਸ਼ੀਲ ਕੁਮਾਰ ਮੰਢਾਲੀ, ਸਤਨਾਮ ਸਿੰਘ ਜਾਨੀਵਾਲ, ਗੁਰਦੇਵ ਸਿੰਘ ਭਾਰਟਾ ਆਦਿ ਮੌਜੂਦ ਸਨ।

# ਸਰੀਰ ਨੂੰ ਤੰਦਰੁਸਤ ਰੱਖਣ ਲਈ ਯੋਗਾ ਸੁਝਾਅ ਦਿੱਤੇ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸੰਤ ਨਿਰੰਕਾਰੀ ਭਵਨ ਸਲੋਹ ਰੋਡ ਚਿਕਿਤਸਕ ਨਮਰਾਤਾਂ ਵਲੋਂ ਯੋਗ ਸ਼ਿਵਰ ਲਗਾਇਆ ਗਿਆ। ਕੈਂਪ ਵਿੱਚ ਯੋਗ ਮਾਹਰ ਚਿਕਿਤਸਕ ਨਮਰਾਤਾਂ ਨੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਵੱਖ-ਵੱਖ ਯੋਗਾ ਸੁਝਾਅ ਦਿੱਤੇ ਅਤੇ ਵੱਖ-ਵੱਖ ਕਿਸਮਾਂ ਦੇ ਆਸਣਾਂ, ਪ੍ਰਾਣਾਯਾਮ ਅਤੇ ਐਕਿਊਪ੍ਰੈਸਰ ਬਾਰੇ ਵੀ ਜਾਣਕਾਰੀ ਦਿੱਤੀ। ਚਿਕਿਤਸਕ ਨਮਰਾਤਾਂ ਨੇ ਕਿਹਾ ਕਿ ਯੋਗਾ ਸੂਗਰ, ਬਲੱਡ ਪ੍ਰੈਸਰ, ਕੈਂਸਰ, ਥਾਇਰਾਇਡ, ਮਾਈਡਰੇਨ, ਹਾਇਗ੍ਰੇਨ, ਦਿਲ ਦੀਆਂ ਬਿਮਾਰੀਆਂ ਆਦਿ ਵਰਗੀਆਂ ਵੱਖ-ਵੱਖ ਬਿਮਾਰੀਆਂ ਨਾਲ ਲੜਨ ਦੀ ਯੋਗਤਾ ਪ੍ਰਦਾਨ ਕਰਦਾ ਹੈ, ਇਸ ਲਈ ਯੋਗਾ ਰੋਜਾਨਾ ਕੀਤਾ ਜਾਣਾ ਚਾਹੀਦਾ ਹੈ, ਯੋਗਾ ਪੇਟ ਦੀ ਚਰਬੀ ਨੂੰ ਨਿਯੰਤਰਿਤ ਕਰਨ ਵਿਚ ਜੇਲ੍ਹ ਦਾ ਸਬੂਤ ਦਿੰਦਾ ਹੈ, ਤਾਂ ਜੋ ਅਸੀਂ ਬਿਮਾਰੀਆਂ ਤੋਂ ਬਚਾ ਸਕੀਏ। ਉਸਨੇ ਦੱਸਿਆ ਕਿ ਭੁਜਾਂਗ ਅਸਾਨ, ਸਸਕ ਅੱਸਨਾ, ਭਾਦਾਰ ਆਸਣ, ਜਾਣਕਾਰੀ ਦਿੱਤੀ ਗਈ। ਇਸ ਮੌਕੇ ਮੁਫਤ ਇਕ ਯਾਦਗਾਰ ਚਿੰਨ੍ਹ ਪੇਸ਼ ਕਰਨ ਲਈ ਅਵਾਜ ਦੇ ਸੁਝਾਅ ਵੀ ਦਿੱਤੇ ਜਾਣ ਲਈ ਯੋਗ ਕੀਤੇ ਗਏ ਹਨ। ਇਸ ਮੌਕੇ ਚਿਕਿਤਸਕ ਨਮਰਾਤਾਂ ਦਲਜੀਤ ਕੌਰ ਅਤੇ ਨਿਰਮਲ ਕੁਮਾਰ ਸੰਤ ਨਿਰੰਕਾਰੀ ਭਵਨ ਸਲੋਹ ਰੋਡ ਸੁਰਿੰਦਰ ਪਾਲ ਚੰਦਰ ਮੋਹਨ ਮਿਹਰ ਅਰੋੜਾ, ਕਮਲੇਸ ਕਮਲ ਪ੍ਰੀਤ ਸੰਚਾਲਕ ਰੋਡ ਸੁਰਿੰਦਰ ਪਾਲ ਸੰਜੋਏਕ ਖੇਤਰੀਆ ਸੰਚਾਲਕ ਏਐਨ ਵਾਲੀਆ , ਸੰਚਾਲਕ ਅਰੋੜਾ, ਕਮਲੇਸ਼ ਕਮਲ ਪ੍ਰੀਤ ਹਾਜਰ ਸਨ।

# ਕੱਚੇ ਰਸਤੇ 'ਤੇ ਹੈਵੀ ਵਾਹਨਾਂ ਦੀ ਆਵਾਜਾਈ ਕਾਰਨ ਪੰਚਾਇਤ ਨੇ ਕੀਤਾ ਰੋਸ ਪ੍ਰਗਟ

**ਫਿਲੌਰ, ( ਨਿਰਮਲ )** -ਪਿੰਡ ਅੱਟੀ ਵਿਖੇ ਪੰਚਾਇਤ ਰਸਤੇ 'ਤੇ ਹੈਵੀ ਵਾਹਨਾਂ ਦੀ ਆਵਾਜਾਈ ਕਾਰਨ ਰਸਤਾ ਬੁਰੀ ਤਰ੍ਹਾਂ ਖਰਾਬ ਹੋ ਚੁੱਕਾ ਹੈ। ਪਿੰਡ ਵਾਸੀਆਂ ਅਤੇ ਪੰਚਾਇਤ ਵੱਲੋਂ ਇਸ ਮਾਮਲੇ 'ਚ ਰੋਸ ਪ੍ਰਗਟ ਕਰਦੇ ਹੋਏ ਬੀ.ਡੀ.ਓ. ਫਿਲੌਰ ਨੂੰ ਇੱਕ ਲਿਖਤੀ ਮੰਗ ਪੱਤਰ ਦਿੱਤਾ ਗਿਆ ਹੈ। ਪੰਚਾਇਤ ਅਨੁਸਾਰ ਇਹ ਰਸਤਾ ਕੱਚਾ ਹੈ ਅਤੇ ਪਿੰਡ ਦੇ ਛੋਟੇ ਵਾਹਨਾਂ ਦੀ ਆਵਾਜਾਈ ਲਈ ਬਣਾਇਆ ਗਿਆ ਸੀ। ਪਰ ਕੰਪਨੀ ਨਾਲ ਜੁੜੇ ਟਿੱਪਰ ਡਰਾਈਵਰ ਜਬਰਦਸਤੀ ਇਸ ਰਸਤੇ ਰਾਹੀਂ ਭਾਰੀ ਵਾਹਨ ਲੰਘਾ ਰਹੇ ਹਨ, ਜਿਸ ਕਾਰਨ ਰਸਤੇ ਦੀ ਸਥਿਤੀ ਦਿਨੋਂ ਦਿਨ ਖਰਾਬ ਹੋ ਰਹੀ ਹੈ। ਤਿੰਨ ਦਿਨਾਂ ਤੋਂ ਇੱਕ ਟਿੱਪਰ ਰਸਤੇ ਵਿੱਚ ਹੀ ਖ਼ਰਾਬ ਹੋ ਕੇ ਖੜ੍ਹਾ ਹੈ, ਜਿਸ ਨਾਲ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਚੁੱਕੀ ਹੈ। ਇਸ ਸਬੰਧੀ ਜਦੋਂ ਬੀ.ਡੀ.ਓ. ਫਿਲੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਜਲਦੀ ਹੀ ਇਸਦਾ ਹੱਲ ਕੀਤਾ ਜਾਵੇਗਾ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਾਲੇ ਤਕ ਸਿਰਫ ਭਰੋਸਾ ਹੀ ਦਿੱਤਾ ਗਿਆ ਹੈ, ਪਰ ਕੋਈ ਕਾਰਵਾਈ ਨਹੀਂ ਹੋਈ। ਪੰਚਾਇਤ ਨੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਰਸਤੇ ਉੱਤੇ ਤੁਰੰਤ ਭਾਰੀ ਵਾਹਨਾਂ ਦੀ ਆਵਾਜਾਈ 'ਤੇ ਰੋਕ ਲਾਈ ਜਾਵੇ ਅਤੇ ਰਸਤੇ ਦੀ ਮੁਰੰਮਤ ਕੀਤੀ ਜਾਵੇ।

# ਨਿਊ ਆਟੋ ਵਰਕਰ ਯੂਨੀਅਨ ਵੱਲੋਂ ਭਲਕ ਦੀ ਹੜਤਾਲ ਦਾ ਸਮਰਥਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-10 ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਹੋਰ ਸੰਗਠਨਾਂ ਦੇ ਸਾਂਝੇ ਮੰਚ ਵੱਲੋਂ 9 ਜੁਲਾਈ ਦੇ ਦਿੱਤੇ ਰਾਸ਼ਟਰ ਵਿਆਪੀ ਹੜਤਾਲ ਦੇ ਸੱਦੇ 'ਤੇ ਨਿਊ ਆਟੋ ਯੂਨੀਅਨ ਨਵਾਂਸ਼ਹਿਰ ਨੇ ਹੜਤਾਲ ਕਰਨ ਦਾ ਐਲਾਨ ਕੀਤਾ ਹੈ।ਹੜਤਾਲ ਦਾ ਫੈਸਲਾ ਨਵਾਂਸ਼ਹਿਰ ਵਿਖੇ ਹੋਈ ਯੂਨੀਅਨ ਦੀ ਮੀਟਿੰਗ 'ਚ ਕੀਤਾ ਗਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ ਅਤੇ ਸਕੱਤਰ ਤਰਨਜੀਤ ਨੇ ਕਿਹਾ ਕਿ ਅੱਜ ਮਜਦੂਰ ਜਮਾਤ ਸਾਹਮਣੇ ਵੱਡੀਆਂ ਚਣੌਤੀਆਂ ਹਨ।ਉਹਨਾਂ ਕਿਹਾ ਕਿ ਚਾਰ ਕਿਰਤ ਕੋਡ ਮੋਦੀ ਸਰਕਾਰ ਦਾ ਮਜਦੂਰ ਵਰਗ ਉੱਤੇ ਘਾਤਕ ਹਮਲਾ ਹਨ।ਇਹ ਕਿਰਤ ਕੋਡ ਮਜਦੂਰਾਂ ਦੇ ਜਥੇਬੰਦ ਹੋਣ, ਸੰਘਰਸ਼ ਕਰਨ,ਹੜਤਾਲ ਕਰਨ ਵਰਗੇ ਕਿਰਤੀਆਂ ਦੇ ਬੁਨਿਆਦੀ ਅਧਿਕਾਰਾਂ ਉੱਤੇ ਡਾਕਾ ਹਨ।ਜਿਸਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਲਈ ਕਿਰਤੀ ਵਰਗ ਸਿਰਫ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਆਧਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ।ਆਗੂਆਂ ਨੇ ਚਾਰ ਲੇਬਰ ਕੋਡ ਰੱਦ ਕਰਨ, ਮੌਜੂਦਾ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ, ਉਦਯੋਗਿਕ ਦੁਰਘਟਨਾਵਾਂ ਨੂੰ ਰੋਕਣ ਦੀ ਮੰਗ ਕੀਤੀ।

# ਕਲਾਸੀਫਾਈਡ ਇਸ਼ਤਿਹਾਰ

## Change of Name

MISS PAYAL, D/O MR TARLOK NATH WHOSE PERMANENT ADDRESS IN INDIA IS VILL: MALLA BEDIAN, P.O. AUR, SBS NAGAR, PIN: 144417, PUNJAB AND NOW LIVING AT 8 CRANSTONE CRESCENT, LEICESTER, LE3 8LA, UK HEREBY GIVE NOTICE OF MY INTENTION TO CHANGE MY NAME TO MISS PAYAL VERMA. (U/I)

I, SANDEEEP S/O MR BHAJAN PAL WHOSE PERMANENT ADDRESS IN INDIA IS V P O BHATRANA, DISTT HOSHIARPUR, PUNJAB 146111 AND NOW LIVING AT 66 TEMPLE MEADOWS ROAD, WEST BROMWICH, B71 4DQ HEREBY GIVE NOTICE OF MY INTENTION TO CHANGE MY NAME TO SANDEEP. (U/I)

I, Lovly W/O Sh Dharminder R/O H No 314 Ward No 11, Bajigar Mohalla Kainthan Dasuya Teh Dasuya Distt Hoshiarpur Pb India have corrected the spelling mistake of my name Lovly To Lovely.

I, Jaswant Singh S/o Mohinder Singh H. No. B-IX-733/72, New Santokhpura, Jalandhar, Punjab, have changed my name to Jaswant Singh Seehra.

I Inderjit Kaur W/o. Rashpal Singh, VPO. Cheema Bath, Tehsil Baba Bakala (Amritsar) have changed my name from Inder Kaur to Inderjit Kaur. Concerend Note.

I,Davinderjit Kaur W/O Jaswinder Singh Thind R/O Bhaini Badeshan, Amritsar,Punjab have changed my name from Davinderjit Kaur to Davinderjit Kaur Thind.Concerned note.

I,Parminder Singh S/O Gurcharan Singh R/O L4/690-393, Sultanwind Road, New Kot Atma Ram, Amritsar,Punjab have changed my name from Parminder Singh to Parminder Singh Aiden.Concerned note.

I Tara Lidder S/o Gurmit Singh R/o Vill. Lidder Khurd PO Lidder Kalan Teh. Phillaur Jalandhar Have changed my name from Tara Lidder to Tara Singh. All Please Note.

I, Heena C/o Dharmvir Singh R/o Aman Enclave, VPO Dhina, Distt. Jalandhar - 144005, Punjab have changed my name from Heena to Heena Kaur.(Heena as given name and Kaur as Surname). All note.

I Karan Klair , S/o Jaswinder Lal R/O VPO Kotli Than Singh, Jalandhar Pb - 144101, Have Changed My Name Karan to Karan Klair, in Which Karan as given name and Klair as Surname . All note.

I Parampreet Kaur W/o Harjinder Singh R/o House No.-221 Tower Enclave Phase-iii V.P.O. Wadala Jalandhar Punjab India, Have changed my name from Parampreet Kaur to Harjeet Kaur.

I Hitherto known as Arti D/o Hardyal Lal R/o V.P.O.Gohawar, Tehsil Phillaur, Distt. Jalandhar- 144409 Punjab (India) have changed my name and shall hereafter be known as Arti Kaul.

I Hitherto known as Jyoti D/o Hardial Lal R/o V.P.O Gohawar,Tehsil Phillaur, Distt. Jalandhar-144409 Punjab (India) have changed my name and shall hereafter be known as Jot Kaul.

I, Gurpreet Singh S/o Raju R/o 3/B, New Dashmesh nagar Bhate wali Gali Rama Mandi Jalandhar 144007 Punjab have changed my name from Gurpreet Singh to Gurpreet.

I, Deepak Kumar S/o Sohan Ram R/o St. No. 1-A, New Gobind Nagar Distt. Hoshiarpur 146001 Punjab have changed my name from Deepak Kumar to Deepak Singh. Concerned note.

I, Narinder Kaur Parmar W/o Rajinder Singh Parmar R/o VPO Panchhat Tehsil Phagwara Distt. Kapurthala Punjab have changed my name from Narinder Kaur Parmar to Narindert Kaur. Concerned note.

I, Deepti Abrol W/o Sagar Ghai R/o H.No. 51, Near Chintpurni Mandir, Ghai Nagar, Model House, Jalandhar-144001, Punjab have changed my name from Deepti Abrol to Deepti Ghai. All concerned please note.

I, Krishan Kumar S/o Chaman Lal R/o H.No. 13, Model Gram Colony, Model House, Jalandhar, Punjab have changed my name from Krishan Kumar to Krishan Kumar Ghai. All concerned please note.

I, Radha Rani W/o Krishan Kumar Ghai R/o H.No. 13, Model Gram Colony, Model House, Jalandhar, Punjab have changed my name from Radha Rani to Radha Rani Ghai. All concerned please note.

I, Amandip W/o Rupinder Singh R/o Goindwal Sahib, Tarn Taran, Punjab-143422 have changed my name from Amandip to Amandeep Kaur. All concerned please note.

I, hitherto known as SUNIL S/O BALESHWER Residing at VPO Patara, Jalandhar, Punjab 144101, have changed my name and shall hereafter be known as SUNIL BALESHWAR RAM.

I, Varun s/o Darshan Lal R/o h.no.151, Anoop Nagar, Basti Danishmanda, Jalandhar have changed my name from Varun to Varun Kumar. All Please Note.

I, Megha Kohli w/o Sachin Kumar r/o 10-B, Bhoura Colony, Near Jalandhar Bye Pass, Salem Tabri, Ludhiana have changed my minor daughter name from Cherish to Cherish Kohli. (Surname as Kohli) All Please Note.

I, Tania d/o Ajay Kumar r/o W.N. 282, Near Hari Mandir, Basti Danishmanda, Jalandhar have changed my name to Given name as Tania & Surname as Tania. All Please Note.

I, Richa Sethi d/o Chander Shekher w/o Pawan Kumar r/o Q.No.108, New Gopal Nagar, Jalandhar, Punjab, have changed my name to Richa, after marriage. All Please Note.

I, Paramjit Kaur w/o Harwinder Kaur r/o VPO. Terkiana, Distt.Hoshiarpur have correction in my name spelling to Parmjit Kaur. All Please Note.

I, Rajesh Kumar S/o Sali Ram R/o 546, A.K.S. Phase-II, Bhabat Road, Zirakpur, Po. Zirakpur, Distt. SAS Nagar, Mohali, Punjab-140603 have changed the name of my minor daughter Riyanshi aged 07 years and she shall hereafter be known as Riyanshi Dogra.

## Change of Name

I, Parmjit alias Paramjit s/o Gulzari Lal r/o Village Kot Sadiq, Kala Sanghian Road, Po. Basti Guzan, Jalandhar both names are mine one and the same person. All Please Note.

I, Jagjot Singh Alias Kaka S/o Davinder Singh R/o VPO. Dhogri, Tehsil & Distt. Jalandhar-144025, Punjab have changed my name from Jagjot Singh Alias Kaka to Jagjot Singh. All Please Note.

I, Vimal Kumar S/o Lal Chand R/o 83, Arya Nagar, Gulab Devi Road Canal Road, Jalandhar declare that Vimal Kumar and Vimal is one and the same person. All Please Note.

I, Sanjiv Kumar S/o Lekh Raj R/o VPO. Heran, Teh Nakodar, Distt. Jalandhar Rural, 144630, Punjab have changed my name from Sanjiv Kumar to Sanjeev Kumar. All Please Note.

I, Deeksha d/o Makhan Lal r/o Kot Rani Satnampura Phagwara, Distt. Kapurthala, Punjab- 144401 have changed my name to Deeksha Kumari (Given name as Deeksha and Surname as Kumari) All Please Note.

I, Charnjit Charnjit S/o Milkhi R/o VPO. Jamsher Khas, Distt. Jalandhar, Punjab have changed my name from Charnjit Charnjit to Charnjit. All Please Note.

I, Dawinder Kaur Wife of Gurpal Singh, resident of Village Moga, District Jalandhar, Punjab have changed my name from DAWINDER KAUR to DAVINDER KAUR. Please note all concerned.

I Anita Kumari D/o Gopal Singh W/o Dina Lal Chauhan R/O Hno 13,Mohan Vihar, PO Ladhewali, Jalandhar Punjab 144007 Have Changed My Name From Anita Kumari To Anita Chauhan

I Hardeep Singh S/O Sarbjit singh R/O Vpo Isharwal Distt Jalandhar 144102 HAVE Changed MY First Name To Hardeep And Singh As A Surname

I Kulwinder Kaur Galib W/O Jinder Singh Galib R/O H.NO.170, Dashmesh Nagar, PO. Dakoha, Jalandhar Punjab 144023 have Changed My Name from Kulwinder Kaur Galib to Kulwinder Kaur.

## ਬੇਦਖਲੀ ਨੋਟਿਸ

ਮੈਂ, ਹਰਜੀਤ ਸਿੰਘ ਪੁੱਤਰ ਸ਼੍ਰੀ ਹਰਨਾਮ ਸਿੰਘ ਵਾਸੀ ਮਕਾਨ ਨੰਬਰ 176 ਵਾਰਡ ਨੰਬਰ 05 ਗੁਰੂ ਨਾਨਕ ਨਗਰ ਭੋਗਪੁਰ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰੀ ਪੁੱਤਰੀ ਗੁਰਿਦਰ ਕੌਰ ਪਤਨੀ ਤੇਗਵੀਰ ਸਿੰਘ ਵਾਸੀ ਪਿੰਡ ਚੀਮਾ ਜਿਲਾ ਬਰਨਾਲਾ ਮੇਰੇ ਕਹਿਣੇ ਵਿੱਚ ਨਾ ਹੋਣ ਕਾਰਨ ਮੈਂ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤੀ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁਮੇਵਾਰ ਹੋਵੇਗਾ। ਉਸਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ।

ਮੈਂ, ਰਾਜ ਰਾਣੀ ਪਤਨੀ ਸ਼੍ਰੀ ਮੁਲਖ ਰਾਜ ਵਾਸੀ ਪਿੰਡ ਤੇ ਡਾਕਖਾਨਾ ਲੜੋਈ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਪੰਕਜ ਕੁਮਾਰ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਸ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤੀ ਹੈ। ਹੁਣ ਉਸ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਕੁਲਵੰਤ ਕੌਰ ਪਤਨੀ ਗੋਗੀ ਸਿੰਘ ਅਤੇ ਗੋਗੀ ਸਿੰਘ ਪੁੱਤਰ ਗੁੱਜਰ ਸਿੰਘ ਵਾਸੀ ਗੁਰਦੁਆਰਾ ਬੂਟਾ ਰਾਮ, ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੇ ਹਾਂ ਕਿ ਸਾਡੀ ਨੂੰਹ ਪੂਜਾ ਪਤਨੀ ਸਵ: ਗੁਰਸ਼ਰਨ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ ਕਰਤਾਰ ਸਿੰਘ ਪੁੱਤਰ ਭਾਨ ਸਿੰਘ ਵਾਸੀ ਪਿੰਡ ਬਾਮੂਵਾਲ ਡਾਕਖਾਨਾ ਮੁਦੇਵਾਲ ਤਹਿਸੀਲ ਢਿਲਵਾਂ ਜਿਲਾ ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ, ਮੇਰੀ ਨੂੰਹ ਹਰਪ੍ਰੀਤ ਕੌਰ ਤੇ ਪੋਤਾ ਚਰਨਜੀਤ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ ਤੇ ਮੇਰੇ ਨਾਲ ਕੁੱਟਮਾਰ ਕਰਦੇ ਹਨ, ਇਸ ਲਈ ਮੈਂ ਇਹਨਾਂ ਤਿੰਨਾ ਨੂੰ ਆਪਣੀ ਤਮਾਮ ਚਲ-ਅਚਲ ਜਾਇਦਾਦ ਚੋਂ ਬੇਦਖਲ ਕਰਦਾ ਹਾਂ। ਅੱਜ ਤੋ ਬਾਦ ਅਗਰ ਕੋਈ ਇਹਨਾਂ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਦਾਰ ਹੋਵੇਗਾ। ਮੇਰਾ ਜਾਂ ਮੇਰੇ ਕਿਸੇ ਪਰਿਵਾਰਕ ਮੈਂਬਰ ਦਾ ਇਸ ਲੈਣ-ਦ

8-July-PAGE--8.qxd 7/7/2025 10:47 PM Page 1



# ਕੇਂਦਰੀ ਟਰੇਡ ਯੂਨੀਅਨਾਂ ਦੀ ਹੜਤਾਲ ਨੂੰ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਸਮਰਥਨ

**ਜਲੰਧਰ (ਸ਼ੈਲੀ ਐਲਬਰਟ)**

ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ 9 ਜੁਲਾਈ ਦੀ ਹੜਤਾਲ ਨੂੰ ਡੈਮੋਕ੍ਰੈਟਿਕ ਮੁਲਾਜ਼ਮ ਫੇਡਰੇਸ਼ਨ ਵੱਲੋਂ ਸਮਰਥਨ ਦਾ ਐਲਾਨ ਕੀਤਾ ਗਿਆ ਹੈ। ਇਸ ਹੜਤਾਲ ਦੌਰਾਨ ਤੈਅ ਕੀਤੇ ਰੋਸ ਪ੍ਰਦਰਸ਼ਨ ਨੂੰ ਸਫ਼ਲ ਕਰਨ ਲਈ ਡੀ.ਐੱਮ. ਐੱਫ਼ ਦੀ ਜ਼ਿਲ੍ਹਾ ਕਮੇਟੀ ਮੀਟਿੰਗ ਸਿਵਲ ਜਲੰਧਰ ਵਿਖੇ ਕੀਤੀ ਗਈ। ਮੀਟਿੰਗ ਤੋਂ ਬਾਅਦ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਿੰਦਰ ਦੁਸਾਂਝ ਜਨਰਲ ਸਕੱਤਰ ਕਲਵਿੰਦਰ ਸਿੰਘ ਜੋਸਨ ਤੇ ਵਿੱਤ ਸਕੱਤਰ ਮਨਦੀਪ ਕੌਰ ਬਿਲਗਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਜ਼ਦੂਰਾਂ, ਮੁਲਾਜ਼ਮਾਂ ਅਤੇ ਮਾਣਭੱਤਾ ਵਰਕਰਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ। ਉਹਨਾਂ ਆਖਿਆ ਕਿ ਮੋਦੀ ਸਰਕਾਰ ਦੁਆਰਾ ਮਜ਼ਦੂਰ ਪੱਖੀ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਲਿਆਉਣਾ, ਠੇਕੇਦਾਰ ਤੇ ਆਊਟਸੋਰਸ ਪ੍ਰਣਾਲੀ ਨੂੰ ਜਾਰੀ ਰੱਖਦਿਆਂ ਮਜ਼ਬੂਤ ਕਰਨਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਹਵਾਲੇ ਕਰਨਾ, ਸਰਕਾਰੀ ਮਹਿਕਮਿਆਂ ਵਿੱਚ ਆਕਾਰ ਘਟਾਈ ਦੀ ਨੀਤੀ ਨੂੰ ਤੇਜ਼ ਕਰਨਾ, ਪੁਰਾਣੀ ਪੈਨਸ਼ਨ ਲਾਗੂ ਨਾ ਕਰਨਾ, ਮਾਣਭੱਤਾ ਵਰਕਰਾਂ ਦੇ ਮਾਣਭੱਤੇ ਵਿੱਚ ਕੇਂਦਰ ਸਰਕਾਰ ਦੁਆਰਾ ਪਾਏ ਜਾਂਦੇ ਹਿੱਸੇ ਵਿੱਚ ਵਾਧਾ ਨਾ ਕਰਨਾ, ਨਵੀਂ ਸਿੱਖਿਆ ਨੀਤੀ ਰਾਹੀਂ ਸਰਕਾਰੀ ਸਿੱਖਿਆ ਸੰਸਥਾਵਾਂ ਦੇ ਖਾਤਮੇ ਦਾ ਰਾਹ ਅਖਤਿਆਰ ਕਰਨਾ ਸਾਬਿਤ ਕਰਦਾ ਹੈ ਇਹ ਸਰਕਾਰ ਲੋਕਾਂ

ਲਈ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਲਈ ਕੰਮ ਕਰ ਰਹੀ ਹੈ।

ਇਸ ਮੌਕੇ ਡੀ ਐਮ ਐਫ ਦੇ ਜ਼ਿਲ੍ਹਾ ਆਗੂ ਗੁਰਜੀਤ ਕੌਰ ਸ਼ਾਹਕੋਟ,ਕਲਵਿੰਦਰ ਕੌਰ ਅਮਾਨਤਪੁਰ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਮਜ਼ਦੂਰਾਂ, ਮੁਲਾਜ਼ਮਾਂ ਤੇ ਮਾਣਭੱਤਾ ਵਰਕਰਾਂ ਦੇ ਮਸਲੇ ਹੱਲ ਕਰਨ ਤੋਂ ਟਾਲਾ ਵੱਟ ਰਹੀ ਹੈ। ਆਗੂਆਂ ਨੇ ਆਖਿਆ ਕਿ ਜਿੱਥੇ ਆਮ ਆਦਮੀ ਪਾਰਟੀ ਵੱਲੋਂ ਮਾਣਭੱਤਾ ਵਰਕਰਾਂ ਦਾ ਭੱਤਾ ਦੁੱਗਣਾ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਕਰਨ ਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀਆਂ ਦਿਤੀਆਂ ਆਪਣੀਆਂ ਹੀ ਗਰੰਟੀਆਂ ਤੋਂ ਭਗੌੜੀ ਹੋ ਚੁੱਕੀ ਹੈ ਉੱਥੇ ਮੁਲਾਜ਼ਮਾਂ ਦੇ ਪੇਂਡੂ ਤੇ ਬਾਰਡਰ ਏਰੀਆ ਸਮੇਤ ਵੱਖ ਵੱਖ ਕਿਸਮ ਦੇ ਰੋਕੇ ਗਏ ਭੱਤੇ, ਏ.ਸੀ.ਪੀ. ਸਕੀਮ ਨੂੰ ਬਹਾਲ ਕਰਨ, 17-07-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ ਅਤੇ ਮਹਿੰਗਾਈ ਭੱਤੇ ਦੀਆਂ ਰੋਕੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਫੈਸਲਾ ਕੀਤਾ ਗਿਆ ਕਿ 9 ਜੁਲਾਈ ਨੂੰ ਹੜਤਾਲ ਦੌਰਾਨ ਜਿਲੇ ਦੇ ਵੱਖ ਵੱਖ ਅਦਾਰਿਆਂ ਦੇ ਬਲਾਕ ਕੇਂਦਰਾਂ ਤੇ ਕਾਲੇ ਬਿੱਲੇ ਲਾ ਕੇ ਦੋ ਘੰਟੇ ਕੰਮ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਂਚਲ ਹਰੀਪੁਰ, ਕਮਲਜੀਤ ਕੌਰ ਮਹਿਤਪੁਰ, ਜਸਵੀਰ ਕੌਰ, ਸਰਬਜੀਤ ਕੌਰ ਬੁੰਡਾਲਾ, ਜੰਡਿਆਲਾ, ਆਸ਼ਾ ਗੁਪਤਾ, ਹਰਜਿੰਦਰ ਕੌਰ ਜਲੰਧਰ, ਮੌਸਮੀ, ਜੋਤੀ, ਸ਼ਸ਼ੀ ਬਾਲਾ, ਕੁਸ਼ੱਲਿਆ ਦੇਵੀ, ਸੁਖਵਿੰਦਰ ਕੌਰ ਸਾਰੇ ਆਦਮਪੁਰ , ਸਤਿੰਦਰ ਕੌਰ ਬਿਲਗਾ ਆਦਿ ਆਗੂ ਵੀ ਹਾਜ਼ਰ ਸਨ।

# ਸੜਕ ਦਾ ਹੱਲ ਛੇਤੀ ਤੋਂ ਛੇਤੀ ਕੀਤਾ ਜਾਵੇ : ਚੁੰਬਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**—ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਵਿਕਾਸ ਕਾਰਜ ਕਿਤੇ ਨਜਰ ਨਹੀਂ ਆਉਂਦੇ ਸਿਵਾਏ ਨੀਂਹ ਪੱਥਰਾਂ ਦੇ। ਹਲਕਾ ਨਕੋਦਰ ਦੇ ਬੀਬੀ ਇੰਦਰਜੀਤ ਕੌਰ ਮਾਨ ਨੂੰ ਜੇਕਰ ਸਿੱਧਵਾਂ ਸਟੇਸ਼ਨ ਪੰਡੋਰੀ ਨੱਤਾਂ ਜਾਣਾ ਹੁੰਦਾ ਏ ਤਾਂ ਵਾਇਆ ਨਵਾਂ ਪਿੰਡ ਸੌਕੀਆ ਤੋਂ ਲੰਘਣਾ ਪੈਂਦਾ ਕਿਉਂਕਿ ਲਿੱਤਰਾਂ ਅੱਡੇ ਤੋਂ ਸਿੱਧਵਾਂ ਸਟੇਸ਼ਨ ਤੱਕ ਸੜਕ ਬੁਰੀ ਤਰ੍ਹਾਂ ਟੁੱਟੀ ਹੋਈ ਤਾਂ

ਕਰਕੇ ਉਸ ਰਸਤੇ ਜਾਣਾ ਠੀਕ ਨਹੀਂ ਲੱਗਦਾ ਸ਼ਾਇਦ ਜਨਤਾ ਦੀ ਇਸ ਪ੍ਰੇਸ਼ਾਨੀ ਦੀ ਇਹਨਾਂ ਕੋਈ ਪ੍ਰਵਾਹ ਨਹੀਂ ਹੈ ਕਿਉਂਕਿ ਬੀਰ ਪਿੰਡ ਵਿੱਚ ਲੱਗੀ ਫੈਕਟਰੀ ਲਈ ਟਰਾਲੀਆਂ ਨਾੜ ਨਾਲ ਭਰੀਆਂ ਹੋਈਆਂ ਇਸੇ ਸੜਕ ਤੋਂ ਲੰਘਣ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਲ ਆਉਂਦੀ ਅਜੇ ਕਿ ਬੀਰ ਪਿੰਡ ਦੀਆਂ ਸੜਕਾਂ ਸਾਫ ਅਤੇ ਖੁੱਲੀਆਂ ਹਨ ਉਥੋਂ ਦੀ ਉਹਨਾਂ ਨੂੰ ਲੰਘਣ ਨਹੀਂ ਦਿੱਤਾ ਜਾਂਦਾ ਇੱਕ ਤਾਂ ਸੜਕ ਥਾਂ ਥਾਂ ਤੋਂ ਟੁੱਟੀ ਹੋਈ ਸਿੰਗਲ ਸੜਕ ਦੂਸਰਾ ਭਾਰੀ ਭਰਕਮ ਟਰਾਲੀਆਂ ਦਾ ਲੰਘਣਾ ਲੋਕਾਂ ਲਈ ਮੁਸੀਬਤ ਬਣਿਆ ਹੋਇਆ ਏ। ਬੀਬੀ ਇੰਦਰਜੀਤ ਕੌਰ ਮਾਨ ਨੂੰ ਚਾਹੀਦਾ ਏ ਕਿ ਬੀਰ ਪਿੰਡ ਦੇ ਫਾਟਕ ਤੋਂ ਬਣੀ ਚੌੜੀ ਸੜਕ ਨੂੰ ਭੱਠੇ ਕੋਲ ਦੀ ਪਿੰਡੋਂ ਬਾਹਰ ਬਾਹਰ ਦੀ ਫੈਕਟਰੀ ਤੱਕ ਸੜਕ ਬਣਾ ਕੇ ਦੇਣੀ ਚਾਹੀਦੀ ਏ ਤਾਂ ਕਿ ਲੋਕਾਂ ਨੂੰ ਕੁੱਝ ਸੁਖ ਮਿਲ ਸਕੇ। ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੋਣ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਇਸ ਸੜਕ ਦਾ ਹੱਲ ਛੇਤੀ ਤੋਂ ਛੇਤੀ ਕੀਤਾ ਜਾਵੇ।

# ਬਰਸਾਤੀ ਪਾਣੀ ਕਾਰਨ ਵੱਡਾ ਪਾੜ ਪਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ ਇਸ ਵਾਰ ਔਸਤਨ ਨਾਲੋਂ ਵੱਧ ਬਾਰਿਸ਼ ਹੋਣ ਜਾ ਰਹੀ ਹੈ। ਹਾਲ ਹੀ ਵਿੱਚ ਕੋਈ ਇਸ ਬਾਰਿਸ਼ ਕਾਰਨ ਲੋਕਾਂ ਨੂੰ ਅੱਤ ਦੀ ਗਰਮੀ ਅਤੇ ਹੁੰਮਸ ਤੋਂ ਰਾਹਤ ਮਿਲੀ ਹੈ ਉੱਥੇ ਹੀ ਇਹ ਬਾਰਿਸ਼ ਕਈ ਥਾਵਾਂ 'ਤੇ ਆਫਤ ਬਣਦੀ ਵੀ ਨਜ਼ਰ ਆ ਰਹੀ ਹੈ।ਹੁਸ਼ਿਆਰਪੁਰ ਭਰਵਾਈ ਨੈਸ਼ਨਲ ਹਾਈਵੇ 'ਤੇ ਪੈਂਦੇ ਪਿੰਡ ਕੋਟਲਾ ਗੌਸਪੁਰ ਵਿੱਚੋਂ ਲੰਘਦੀ ਕੰਡੀ ਕਨਾਲ ਨਹਿਰ ਕਿਨਾਰੇ ਬਰਸਾਤੀ ਪਾਣੀ ਕਾਰਨ ਵੱਡਾ ਪਾੜ ਪੈ ਗਿਆ। ਪਿੰਡ ਦੇ ਵਸਨੀਕਾਂ ਨੇ ਦੱਸਿਆ ਕਿ ਹਰ ਸਾਲ ਇਸੇ ਤਰ੍ਹਾਂ ਬਰਸਾਤ ਕਾਰਨ ਨਹਿਰ ਵਿੱਚ ਅਕਸਰ ਪਾੜ ਪੈਂਦੇ ਹਨ ਜਿਸ ਕਾਰਨ ਉਨਾਂ ਦੇ ਘਰਾਂ ਨੂੰ ਵੀ ਖਤਰਾ ਬਣਿਆ ਰਹਿੰਦਾ ਹੈ ਅਤੇ ਇਹ ਅੱਧੀ ਦਰਜਨ ਤੋਂ ਵੱਧ ਪਿੰਡਾਂ ਦਾ ਰਾਸਤਾ ਹੋਣ ਕਾਰਨ ਨਹਿਰ ਕਿਨਾਰੇ ਖੂਬ ਆਵਾਜਾਈ ਰਹਿੰਦੀ ਹੈ ਅਤੇ ਸਕੂਲੀ ਬੱਸਾਂ ਅਤੇ ਵਿਦਿਆਰਥੀ ਵੀ ਇਸ ਰਸਤੇ ਤੋਂ ਹੀ ਲੰਘਦੇ ਹਨ। ਜਿਸ ਕਾਰਨ ਕੋਈ ਵੱਡਾ ਹਾਦਸਾ ਵੀ ਵਾਪਰ ਸਕਦਾ ਹੈ। ਲੋਕਾਂ ਨੇ ਮੰਗ

ਕੀਤੀ ਹੈ ਕਿ ਤੁਰੰਤ ਇਸ ਥਾਂ ਬਰਸਾਤੀ ਪਾਣੀ ਦੀ ਨਿਕਾਸੀ ਦੇ ਪੁੱਖਤਾ ਪ੍ਰਬੰਧ ਕੀਤੇ ਜਾਣ ਅਤੇ ਨਹਿਰ ਦੇ ਕਿਨਾਰਿਆਂ ਨੂੰ ਪੱਕਾ ਕੀਤਾ ਜਾਵੇ ਤਾਂ ਕਿ ਹਰ ਸਾਲ ਬਰਸਾਤ ਦੇ ਦਿਨਾਂ ਵਿੱਚ ਬਣਦਾ ਇਹ ਡਰ ਤੇ ਸਹਿਮ ਖਤਮ ਕੀਤਾ ਜਾ ਸਕੇ। ਇਸ ਮੌਕੇ ਸੁਨੀਲ ਕੁਮਾਰ ਕਾਕਾ, ਹਰਪਿੰਦਰ ਸਿੰਘ, ਅੰਮ੍ਰਿਤ ਪਾਲ ਸਿੰਘ, ਸਾਜਲ ਸ਼ਰਮਾ, ਪਰਵੀਨ ਬੰਟੀ, ਪਵਨ ਕੁਮਾਰ, ਪੰਚ ਪੂਨਮ ਕੌਰ, ਮਨੀ, ਜਸਵਿੰਦਰ ਸਿੰਘ, ਜਗਦੇਵ ਸਿੰਘ, ਪਿਆਰਾ ਸਿੰਘ ਆਦਿ ਹਾਜ਼ਰ ਸਨ।

# ਡਾ. ਚੱਬੇਵਾਲ ਨੇ ਬੱਸੀ ਗ਼ੁਲਾਮ ਹੁਸੈਨ ਵਿਖੇ ਹਾਲਾਤਾ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਵੇਰੇ ਪਏ ਤੇਜ਼ ਮੀਂਹ ਕਾਰਨ ਪਿੰਡ ਬੱਸੀ ਗ਼ੁਲਾਮ ਹੁਸੈਨ ਨੂੰ ਹੁਸ਼ਿਆਰਪੁਰ ਸ਼ਹਿਰ ਨਾਲ ਜੋੜਨ ਵਾਲੀ ਮੁੱਖ ਸੜਕ ਚੋਅ ਦੇ ਪਾਣੀ ਨਾਲ ਰੁੜ੍ਹ ਜਾਣ ਦੀ ਸੂਚਨਾ ਮਿਲਦੇ ਸਾਰ ਹੀ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਮੌਕੇ 'ਤੇ ਪਹੁੰਚ ਕੇ ਹਾਲਾਤਾਂ ਦਾ ਜਾਇਜ਼ਾ ਲਿਆ ਗਿਆ ਅਤੇ ਪਿੰਡ ਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਡਾ. ਰਾਜ ਕੁਮਾਰ ਚੱਬੇਵਾਲ ਨੇ ਇਸ ਮੌਕੇ ਜਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਪਿੰਡ ਵਾਸੀਆਂ ਨੂੰ ਲੋੜੀਦੀ ਸਹਾਇਤਾ ਤੁਰੰਤ ਪ੍ਰਭਾਵ ਨਾਲ ਮੁਹੱਈਆ ਕਰਵਾਈ ਜਾਵੇ। ਡਾ.ਚੱਬੇਵਾਲ ਨੇ ਇਸ ਸਮੇਂ ਪਿੰਡ ਵਾਸੀਆਂ ਦੀਆਂ ਫਸਲਾਂ ਦੇ ਅਤੇ ਪਸ਼ੂਆਂ ਦੇ ਹੋਏ ਨੁਕਸਾਨ ਦੀ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਪਿੰਡ ਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਪੰਜਾਬ ਸਰਕਾਰ ਤੱਕ ਇਸ ਦੀ ਜਾਣਕਾਰੀ ਪਹੁੰਚਾ ਕੇ ਲੋਕਾਂ ਨੂੰ ਮਦਦ ਦਿਵਾਉਣ ਦੀ ਹਰ

ਸੰਭਵ ਕੋਸ਼ਿਸ਼ ਕਰਨਗੇ। ਡਾ. ਚੱਬੇਵਾਲ ਨੇ ਇਸ ਸਮੇਂ ਕਿਹਾ ਕਿ ਇਹ ਕੁਦਰਤੀ ਆਫਤ ਹੈ ਜਿਸ ਨੂੰ ਮਨੁੱਖ ਨਹੀਂ ਰੋਕ ਸਕਦਾ ਲੇਕਿਨ ਅਸੀਂ ਇਸ ਸਥਿਤੀ ਵਿੱਚੋ ਲੋਕਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਜਰੂਰ ਰੱਖਦੇ ਹਾਂ, ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰਸ਼ਾਸ਼ਨ ਨੂੰ ਹਦਾਇਤ ਕੀਤੀ ਗਈ ਹੈ ਕਿ ਇਸ ਕੁਦਰਤੀ ਆਫਤ ਕਾਰਨ ਪੈਦਾ ਹੋਏ ਮੁਸ਼ਕਿਲ ਭਰੇ ਹਾਲਾਤਾਂ ਲਈ ਡਿਸਾਸਟਰ ਫੰਡ ਵਿੱਚੋ ਤੁਰੰਤ ਰਾਸ਼ੀ ਰਿਲੀਜ ਕਰਕੇ ਪਿੰਡ ਦਾ ਸ਼ਹਿਰ ਦਾ ਮੁੜ ਤੋਂ ਸੰਪਰਕ ਸਥਾਪਿਤ ਕੀਤਾ ਜਾਵੇ, ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਹਾਲਾਤਾਂ ਨੂੰ ਬਣਨ ਤੋਂ ਰੋਕਣ ਲਈ ਪਿੰਡ ਤੇ ਹੁਸ਼ਿਆਰਪੁਰ ਸ਼ਹਿਰ ਵਿੱਚ ਪੱਕਾ ਸੰਪਰਕ ਸਥਾਪਿਤ ਕਰਨ ਲਈ ਇੱਕ ਪੁੱਲ ਦਾ ਵੀ ਨਿਰਮਾਣ ਕਰਵਾਇਆ ਜਾਵੇਗਾ। ਡਾ. ਚੱਬੇਵਾਲ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਹਰ ਸਮੇਂ ਉਨ੍ਹਾਂ ਦੀ ਸੇਵਾ ਵਿੱਚ ਹਾਜਰ ਹਨ ਤੇ ਜਦੋਂ ਤੱਕ ਇਸ ਮੁਸ਼ਕਿਲ ਦਾ ਹੱਲ ਨਹੀਂ ਹੋ ਜਾਂਦਾ ਤਦ ਤੱਕ ਉਹ ਇਸ ਮਾਮਲੇ ਦੀ ਖੁਦ ਨਿਗਰਾਨੀ ਕਰਨਗੇ।

# ਰੱਖਾਂ ਦੀ ਅੰਨੇਵਾਹ ਕਟਾਈ ਦੇ ਨਾਲ ਵਿਗੜ ਰਿਹਾ ਧਰਤੀ ਦੇ ਵਾਤਾਵਰਣ ਦਾ ਸੰਤੁਲਨ : ਧਾਲੀਵਾਲ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਸਰਬ ਨੌਜਵਾਨ ਸਭਾ (ਰਜਿ:) ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ (ਰਜਿ.) ਫਗਵਾੜਾ ਵੱਲੋਂ ਮਾਈ ਭਾਰਤ, ਕਪੂਰਥਲਾ ਅਤੇ ਜੰਗਲਾਤ ਵਿਭਾਗ ਫਗਵਾੜਾ ਦੇ ਸਹਿਯੋਗ ਨਾਲ ਇੱਕ ਬੂਟਾ ਮਾਂ ਦੇ ਨਾਂਅ ਸਿਰਨਾਵੇਂ ਹੇਠ ਵਣ ਮਹਾਂਉਤਸਵ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਨਜਦੀਕੀ ਪਿੰਡ ਸਪਰੋੜ ਵਿਖੇ ਬੂਟੇ ਲਗਾ ਕੇ ਮਨਾਇਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਕਾਂਗਰਸ ਦੇ ਸਿਟੀ ਪ੍ਰਧਾਨ ਤਰਨਜੀਤ ਸਿੰਘ ਬੰਟੀ ਵਾਲੀਆ ਕੌਂਸਲਰ, ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ ਸ਼ਾਮਲ ਹੋਏ। ਵਿਧਾਇਕ ਧਾਲੀਵਾਲ ਅਤੇ ਬੰਟੀ ਵਾਲੀਆ ਨੇ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾ ਕੇ ਮੁਹਿਮ ਦੀ ਆਰੰਭਤਾ ਕਰਵਾਈ। ਵਿਧਾਇਕ ਧਾਲੀਵਾਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਰੁੱਖ ਲਗਾਉਣੇ, ਧਰਤੀ ਹੇਠਲੇ ਪਾਣੀ ਦੀ ਸੰਭਾਲ, ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ। ਕਿਉਂਕਿ ਰੁੱਖਾਂ ਦੀ ਅੰਨ੍ਹਵਾਹ ਕਟਾਈ ਨਾਲ ਧਰਤੀ ਦੇ ਵਾਤਾਵਰਣ ਦਾ ਸੰਤੁਲਨ ਬੁਰੀ ਤਰ੍ਹਾਂ ਵਿਗੜ ਰਿਹਾ ਹੈ। ਇਸ ਲਈ ਦੇਸ਼ ਦੇ ਹਰ ਨਾਗਰਿਕ ਨੂੰ ਸੁਚੇਤ ਹੋ ਕੇ ਵਾਤਾਵਰਣ ਸੰਭਾਲ ਦਾ ਯਤਨ ਕਰਨਾ ਚਾਹੀਦਾ ਹੈ। ਹਰ ਸਾਲ ਬਹੁਤ ਜਿਆਦਾ ਗਰਮੀ ਅਤੇ ਸਿਰਫ ਕੁੱਝ ਦਿਨਾਂ ਦੀ ਠੰਡ ਜਾਂ ਪਹਾੜੀ ਖੇਤਰਾਂ 'ਚ ਪਹਾੜ ਡਿੱਗਣ ਨਾਲ ਹੋਣ

ਵਾਲੀ ਤਬਾਹੀ ਵਿਗੜਦੇ ਮੌਸਮ ਚੱਕਰ ਦਾ ਸਪਸ਼ਟ ਸੰਕੇਤ ਹਨ। ਜੇਕਰ ਅਸੀਂ ਰੁੱਖ ਲਾਉਣ ਵੱਲ ਅੱਗੇ ਨਾ ਵਧੇ ਤਾਂ ਧਰਤੀ 'ਤੇ ਜੀਵਨ ਸਮਾਪਤੀ ਵੱਲ ਤੁਰ ਪਵੇਗਾ। ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਪਲਾਸਟਿਕ ਦੀ ਵਰਤੋਂ ਬੰਦ ਕਰਨ ਦੀ ਅਪੀਲ ਵੀ ਕੀਤੀ ਅਤੇ ਕਿਹਾ ਕਿ ਸ਼ਹਿਰ ਨੂੰ ਹਰਿਆ ਭਰਿਆ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਕਾਂਗਰਸ ਦੇ ਸਿਟੀ ਪ੍ਰਧਾਨ ਬੰਟੀ ਵਾਲੀਆ ਨੇ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਨਾਉਣ ਲਈ ਸਾਰਿਆਂ ਨੂੰ ਸਾਂਝਾ ਉਪਰਾਲਾ ਕਰਨਾ ਪਵੇਗਾ। ਉਨ੍ਹਾਂ ਰਵਾਇਤੀ ਰੁੱਖਾਂ ਜਿਵੇਂ ਬੋਹੜ, ਪਿੱਪਲ, ਕਿੱਕਰ, ਟਾਹਲੀ ਆਦਿ ਦੀ ਸਾਂਭ ਸੰਭਾਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਰੁੱਖ ਹੋਣਗੇ ਤਾਂ ਹੀ ਆਉਣ ਵਾਲੀਆਂ ਪੀੜੀਆਂ ਦੇ ਜੀਵਨ 'ਚ ਸੁੱਖ ਹੋਣਗੇ। ਨਹੀਂ ਤਾਂ ਭਵਿੱਖ 'ਚ ਮਨੁੱਖਤਾ ਨੂੰ ਵੱਡੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ ਨੇ ਵੀ ਰੰਗਲੇ ਪੰਜਾਬ ਲਈ ਸਾਂਝਾ ਉਪਰਾਲਾ ਕਰਨ ਦੀ ਗੱਲ ਕਹੀ। ਉਹਨਾਂ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਘਟਣਾ ਇਸ ਉਪਜਾਊ ਸੂਬੇ ਨੂੰ ਮਰੂਥਲ ਵੱਲ ਲੈ ਜਾ ਰਿਹਾ ਹੈ, ਜਿਸ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਉਹਨਾ ਪੰਜਾਬ ਦੇ ਕਈ ਥਾਵਾਂ 'ਤੇ ਪਾਣੀ ਮੁਕਣ ਪ੍ਰਤੀ ਚਿੰਤਾ 

8-July-PAGE-9.qxd 7/7/2025 10:46 PM Page 1



# ਸਰਕਾਰ ਲੋਕਾਂ ਨੂੰ ਬਿਨਾਂ ਦੇਰੀ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਹਰਜੋਤ ਬੈਂਸ

**ਭਲਾਣ (ਹਰਭਜਨ ਢਿੱਲੋਂ )**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਨਾਂ ਦੇਰੀ ਲੋੜੀਦੀਆਂ ਸੁਵਿਧਾਵਾਂ ਮੁਹੱਇਆ ਕਰਵਾਉਣ ਲਈ ਵਚਨਬੱਧ ਹੈ। ਲੋਕਾਂ ਨੂੰ ਦਫਤਰਾਂ ਦੀ ਬੇਲੋੜੀ ਖੱਜਲ ਖੁਆਰੀ ਘੱਟ ਕਰਨ ਲਈ ਪੰਜਾਬ ਸਰਕਾਰ ਲਗਾਤਾਰ ਨਿਵੇਕਲੀ ਪਹਿਲ ਕਦਮੀ ਕਰ ਰਹੀ ਹੈ।ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਸਰਕਾਰ ਵੱਲੋਂ ਸ਼ੁਰੂ ਕੀਤੀ ਈਜੀ ਰਜਿਸਟਰੀ ਪ੍ਰਣਾਲੀ ਬਾਰੇ ਜਾਣਕਾਰੀ ਲੈਣ ਉਪਰੰਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਹਰ ਵਰਗ ਲਈ ਸਰਕਾਰ ਵੱਲੋਂ ਸਹੂਲਤਾਂ ਉਪਲੱਬਧਾਂ ਕਰਵਾਈਆਂ ਜਾ ਰਹੀਆਂ ਹਨ। ਅੱਜ ਪੰਜਾਬ ਦੇ ਹਰ ਪਰਵਾਰ ਨੂੰ ਕਿਸੇ ਨਾ ਕਿਸੇ ਸਰਕਾਰੀ ਸਹੂਲਤ ਦਾ ਲਾਭ ਮਿਲ ਰਿਹਾ ਹੈ। ਇਹ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕਰਨ ਦੀ ਦਿਸ਼ਾ ਵਿੱਚ ਨਿਵੇਕਲੀ ਪਹਿਲ ਹੈ।ਬਿਨੈਕਾਰਾਂ ਨੂੰ ਬਿਨਾਂ ਦੇਰੀ ਦੇ ਤੁਰੰਤ ਤੇ ਹੋਰ ਪਾਰਦਰਸ਼ੀ ਰਜਿਸਟ੍ਰੇਸ਼ਨ ਸੇਵਾਵਾਂ ਮੁਹੱਈਆ ਕਰਵਾਉਣ ਵੱਲ ਇਕ ਹੋਰ ਮਹੱਤਵਪੂਰਣ ਕਦਮ ਪੁੱਟਦਿਆਂ ਤਹਿਸੀਲ ਨੰਗਲ ਵਿਖੇ ਈਜ਼ੀ ਰਜਿਸਟਰੇਸ਼ਨ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। ਸਬ ਰਜਿਸਟਰਾਰ ਜਸਵੀਰ ਸਿੰਘ ਨੇ ਪਹਿਲੀ ਈਜ਼ੀ ਰਜਿਸਟਰੀ ਖਰੀਦਦਾਰ ਸ੍ਰੀਮਤੀ ਰਮਾ ਕਸ਼ਅਪ ਪਤਨੀ ਦੇਵੀ ਦਿਆਲ ਵਾਸੀ

ਸਬ ਰਜਿਸਟਰਾਰ ਜਸਵੀਰ ਸਿੰਘ ਪਹਿਲੀ ਈਜੀ ਰਜਿਸਟਰੀ ਖਰੀਦਦਾਰ ਰਮਾ ਕਸ਼ਯਪ ਨੰਗਲ ਨੂੰ ਰਜਿਸਟਰੀ ਦੇਣ ਮੌਕੇ।

ਮਕਾਨ ਨੰਬਰ- 53 ਡਬਲਯੂ ਡੀ ਨੰਗਲ ਨੂੰ ਦਿੱਤੀ।ਇਸ ਮੌਕੇ ਗੱਲਬਾਤ ਕਰਦਿਆਂ ਸਬ ਰਜਿਸਟਰਾਰ ਜਸਵੀਰ ਸਿੰਘ ਨੇ ਦੱਸਿਆ ਕਿ ਇਹ ਨਵੀਂ ਪ੍ਰਣਾਲੀ ਪੰਜਾਬ ਸਰਕਾਰ ਦੀ ਸੂਬਾ ਵਾਸੀਆਂ ਨੂੰ ਬਿਨ੍ਹਾਂ ਕਿਸੇ ਦੇਰੀ ਅਤੇ ਪਾਰਦਰਸ਼ੀ ਢੰਗ ਨਾਲ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਸੂਬੇ ਵਿੱਚ ਜਾਇਦਾਦ ਦੀ ਰਜਿਸਟ੍ਰੇਸ਼ਨ ਵਿੱਚ ਮੀਲ ਦਾ ਪੱਥਰ ਸਾਬਿਤ ਹੋਵੇਗੀ।ਉਪ ਮੰਡਲ ਮੈਜਿਸਟ੍ਰੇਟ ਨੰਗਲ ਸਚਿਨ ਪਾਠਕ ਪੀ.ਸੀ.ਐਸ ਦੱਸਿਆ ਕਿ ਇਸ ਨਵੀਂ ਪ੍ਰਣਾਲੀ ਤਹਿਤ ਬਿਨੈਕਾਰ ਆਪਣੀ ਜਾਇਦਾਦ ਦੀ ਡੀਡ ਖੁਦ ਲਿਖਕੇ ਆਨਲਾਈਨ ਜਮ੍ਹਾ ਕਰਵਾ ਸਕਣਗੇ, ਜਿਸ ਤੋਂ ਬਾਅਦ ਸਬ ਰਜਿਸਟਰਾਰ ਦਫ਼ਤਰ 48 ਘੰਟਿਆਂ ਵਿੱਚ ਇਸ ਨੂੰ ਮਨਜ਼ੂਰੀ ਦੇ ਦਿੰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮਨਜ਼ੂਰੀ ਤੋਂ ਬਾਅਦ ਬਿਨੈਕਾਰ ਸਬ ਰਜਿਸਟਰਾਰ ਦਫ਼ਤਰ ਜਾ ਕੇ ਕੁਝ ਹੀ ਮਿੰਟਾਂ ਵਿੱਚ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਮੁਕੰਮਲ ਕਰ ਸਕਦੇ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ ਤਹਿਤ ਨੰਗਲ ਤਹਿਸੀਲ 'ਚ ਦਸਤਾਵੇਜ਼ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ।ਸ੍ਰੀਮਤੀ ਰਮਾ ਕਸ਼ਅਪ ਨੇ ਇਸ ਵਿਲੱਖਣ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਉਸ ਵੱਲੋਂ ਨਿਰਧਾਰਤ ਸਮੇਂ ਵਿੱਚ ਅਪਲਾਈ ਕੀਤਾ ਗਿਆ ਸੀ ਅਤੇ ਸ਼ੁੱਕਰਵਾਰ ਨੂੰ ਪੰਜਾਂ ਮਿੰਟਾਂ ਵਿੱਚ ਆਪਣੀ ਜਾਇਦਾਦ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਮੁਕੰਮਲ ਕਰ ਲਈ। ਇਸ ਪ੍ਰਣਾਲੀ ਨੂੰ ਬਹੁਤ ਹੀ ਆਸਾਨ ਦੱਸਦਿਆਂ ਉਸ ਨੇ ਕਿਹਾ ਕਿ ਇਸ ਤੋਂ ਪਹਿਲਾਂ ਇਹੀ ਪ੍ਰਕਿਰਿਆ ਮੁਕੰਮਲ ਕਰਨ ਵਿੱਚ ਕਈ ਦਿਨ ਲੱਗ ਜਾਂਦੇ ਸਨ ਅਤੇ ਕਈ-ਕਈ ਘੰਟੇ ਸਬ ਰਜਿਸਟਰਾਰਾਂ ਦੇ ਦਫ਼ਤਰਾਂ ਵਿੱਚ ਲੰਬੀ ਉਡੀਕ ਕਰਨੀ ਪੈਂਦੀ ਸੀ। ਪੰਜਾਬ ਸਰਕਾਰ ਦੀ ਇਸ ਨਿਵੇਕਲੀ ਸ਼ੁਰੂਆਤ ਨਾਲ ਤਹਿਸੀਲ ਵਿੱਚ ਆਪਣੀ ਪ੍ਰਾਪਰਟੀ ਦੀ ਰਜਿਸਟ੍ਰੇਸ਼ਨ ਲਈ ਆਉਣ ਵਾਲਿਆਂ ਵਿਚ ਖੁਸ਼ੀ ਦੀ ਲਹਿਰ ਹੈ।

# ਸਰਕਾਰੀ ਕਾਲਜ 'ਚ 'ਵਣ-ਮਹੋਤਸਵ ਹਫ਼ਤਾ' ਮਨਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**—ਸਰਕਾਰੀ ਕਾਲਜ ਡੇਰਾਬਸੀ ਵਿੱਚ 'ਐਨ ਐਸ ਐਸ' ਅਤੇ 'ਵਾਤਾਵਰਣ ਕਮੇਟੀ' ਸਰਕਾਰੀ ਕਾਲਜ, ਡੇਰਾਬੱਸੀ ਵੱਲੋਂ 'ਵਣ ਮਹੋਤਸਵ ਹਫ਼ਤਾ' ਮਨਾਇਆ ਗਿਆ।'ਵਣ ਮਹੋਤਸਵ ਹਫ਼ਤਾ' ਭਾਰਤ ਸਰਕਾਰ ਦੀ ਮੁਹਿੰਮ 'ਏਕ ਪੇੜ ਮਾਂ ਕੇ ਨਾਮ' ਦਾ ਅਗਲਾ ਹਿੱਸਾ ਹੈ ਜਿਸਦਾ ਉਦੇਸ਼ ਨਾਗਰਿਕਾਂ ਨੂੰ ਆਪਣੀ ਮਾਂ ਅਤੇ ਧਰਤੀ ਮਾਂ ਪ੍ਰਤੀ ਪਿਆਰ, ਸਤਿਕਾਰ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਇੱਕ ਰੁੱਖ ਲਗਾਉਣ ਲਈ ਉਤਸ਼ਾਹਿਤ ਕਰਨਾ ਹੈ। ਇਸ ਦੌਰਾਨ, ਕਾਲਜ ਦੇ ਪ੍ਰੋਫੈਸਰਾਂ ਅਤੇ ਐਨ ਐਸ ਐਸ ਵਲੰਟੀਅਰਾਂ ਦੁਆਰਾ ਕਾਲਜ ਕੈਂਪਸ ਵਿੱਚ ਕਈ ਤਰ੍ਹਾਂ ਦੇ ਸਥਾਨਕ ਪੌਦੇ ਲਗਾਏ ਗਏ। ਕਾਲਜ ਦੀ ਸੁੰਦਰਤਾ ਨੂੰ ਵਧਾਉਣ ਵਾਲੇ 'ਚਿੜੀਆਂ ਦਾ ਚੰਬਾ' ਬਾਗ਼ ਵਿੱਚ, ਅੰਬ ਅਤੇ ਜਾਮੁਨ ਦੇ ਪੌਦਿਆਂ ਦੇ ਨਾਲ, ਕਈ ਤਰ੍ਹਾਂ ਦੇ ਫੁੱਲਾਂ ਦੇ ਪੌਦੇ ਵੀ ਲਗਾਏ ਗਏ। ਅੰਤ ਵਿੱਚ, ਕਾਲਜ ਪ੍ਰਿੰਸੀਪਲ ਸ਼੍ਰੀਮਤੀ ਗੀਤਾਂਜਲੀ ਕਾਲੜਾ ਨੇ ਰੁੱਖ ਲਗਾਉਣ ਦੀ ਮਹੱਤਤਾ 'ਤੇ ਚਾਨਣਾ ਪਾਉਂਦੇ ਹੋਏ ਸਾਰੇ ਅਧਿਆਪਕਾਂ ਅਤੇ ਐਨ ਐਸ ਐਸ ਵਲੰਟੀਅਰਾਂ ਦਾ ਧੰਨਵਾਦ ਕੀਤਾ।

# ਗੁਰੂ ਨਾਨਕ ਕਾਲਜ ਆਫ ਨਰਸਿੰਗ ਦਾ ਬੀ ਐੱਸ ਸੀ ਨਰਸਿੰਗ ਦਾ ਨਤੀਜਾ 100 ਫੀਸਦੀ ਰਿਹਾ

**ਬੰਗਾ (ਅਵਤਾਰ ਕਲੇਰ)**

ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ (ਦੂਜਾ ਸਮੈਸਟਰ) ਬੈਚ 2023 - 2027 ਦਾ ਸ਼ਾਨਦਾਰ ਸੌ ਫੀਸਦੀ ਨਤੀਜਾ ਆਇਆ ਹੈ ਅਤੇ ਸਾਰੇ ਵਿਦਿਆਰਥੀ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਅਵੱਲ ਦਰਜੇ ਵਿਚ ਪਾਸ ਹੋਏ ਹਨ। ਜਾਣਕਾਰੀ ਮੈਡਮ ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦਿੰਦੇ ਦੱਸਿਆ ਕਿ ਕਲਾਸ ਵਿਚੋਂ ਪਹਿਲਾ ਸਥਾਨ ਦੋ ਵਿਦਿਆਰਥੀਆਂ ਪਰਮੀਤ ਸਿੰਘ ਪੁੱਤਰ ਹਰਦੀਪ ਸਿੰਘ-ਪਰਮਿੰਦਰ ਕੌਰ ਨਵਾਂਸ਼ਹਿਰ ਅਤੇ ਅਨੂ ਚੁੰਬਰ ਪੁੱਤਰੀ ਰੋਸ਼ਨ ਲਾਲ-ਪਰਮਜੀਤ ਕੌਰ ਮੌਲੀ ਨੇ ਇਕੋ ਜਿਹੇ ਗਰੇਡ ਅੰਕ ਪ੍ਰਾਪਤ ਕਰਕੇ ਕੀਤਾ। ਦੂਸਰਾ ਸਥਾਨ ਵੀ ਇੱਕੋ ਜਿੰਨੇ ਗਰੇਡ ਅੰਕ ਪ੍ਰਾਪਤ ਕਰਕੇ ਤਿੰਨ ਵਿਦਿਆਰਥਣਾਂ ਦੀਪਇੰਦਰ ਕੌਰ ਪੁੱਤਰੀ ਸੁਖਦੀਪ ਸਿੰਘ-ਪਵਿੱਤਰਜੀਤ ਕੌਰ ਮੁਹਾਲੀ, ਮਹਿਕਦੀਪ ਕੌਰ ਪੁੱਤਰੀ ਅਮਨਦੀਪ ਸਿੰਘ-ਲਖਵਿੰਦਰ ਕੌਰ ਗੁਰਦਾਸਪੁਰ ਅਤੇ ਮਨਜੋਤ ਕਲੇਰ ਪੁੱਤਰੀ ਸ਼ਤੀਸ਼ ਕੁਮਾਰ-ਬਲਵਿੰਦਰ ਕੌਰ ਫਗਵਾੜਾ ਨੇ ਪ੍ਰਾਪਤ ਕੀਤਾ ਹੈ।ਤੀਸਰਾ ਸਥਾਨ ਗੁਰਪ੍ਰੀਤ ਮਹਿਮੀ ਪੁੱਤਰੀ ਨਿਰਮਲ ਦਾਸ-ਚਰਨਜੀਤ ਕੌਰ ਹੁਸ਼ਿਆਰਪੁਰ ਨੇ ਪ੍ਰਾਪਤ ਕੀਤਾ। ਕਾਲਜ ਦੇ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ (ਦੂਜਾ ਸਮੈਸਟਰ) ਦੇ ਸ਼ਾਨਦਾਰ ਨਤੀਜੇ ਲਈ ਸਮੂਹ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਮੈਡਮ ਸੁਖਮਿੰਦਰ ਕੌਰ ਊਬੀ, ਮੈਡਮ ਵੰਦਨਾ ਬਸਰਾ, ਮੁਹੰਮਦ ਯੂਨਿਸ ਵਾਨੀ, ਮੈਡਮ ਰੀਤੂ, ਮੈਡਮ ਸਰਬਜੀਤ ਕੌਰ, ਮੈਡਮ ਨੇਹਾ ਰਾਣੀ, ਮੈਡਮ ਸ਼ਿਵਾਨੀ ਭਰਦਵਾਜ ਅਤੇ ਕਲਾਸ ਦੇ ਟੌਪਰ ਨਰਸਿੰਗ ਵਿਦਿਆਰਥੀ ਹਾਜ਼ਰ ਸਨ।

# ਮੋਟਰਸਾਈਕਲ ਸਵਾਰਾਂ ਨੇ ਪੈਟਰੋਲ ਬੰਬ ਨਾਲ ਘਰ 'ਤੇ ਕੀਤਾ ਹਮਲਾ

**ਆਦਮਪੁਰ (ਪਰਮਜੀਤ ਸਿੰਘ)**-ਬੀਤੀ ਰਾਤ ਆਦਮਪੁਰ ਦੇ ਵਾਰਡ ਨੰਬਰ ਇੱਕ ਮੁਹੱਲਾ ਗਾਂਧੀ ਨਗਰ ਵਿਖੇ ਮੋਟਰਸਾਈਕਲ ਸਵਾਰ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਪੈਟਰੋਲ ਬੰਬ ਨਾਲ ਇੱਕ ਘਰ ਨੂੰ ਨਿਸ਼ਾਨਾ ਬਣਾਇਆ ਹੈ।ਥਾਣਾ ਮੁਖੀ ਹਰਦੇਵ ਪ੍ਰੀਤ ਸਿੰਘ ਆਦਮਪੁਰ ਨੇ ਦੱਸਿਆ ਹੈ ਕਿ ਬੀਤੀ ਰਾਤ ਵਕਤ ਕਰੀਬ 12 ਵਜੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਇਲਾਕੇ ਵਿੱਚ ਦਹਿਸ਼ਤ ਫੈਲਾਉਣ ਸਬੰਧੀ ਇੱਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ । ਪੁਲਸ ਨੂੰ ਦਰਜ ਕਰਵਾਏ ਗਏ ਬਿਆਨਾਂ ਰਾਹੀਂ ਘਰ ਦੀ ਮਾਲਿਕ ਪਰਮਿੰਦਰ ਕੌਰ ਪਤਨੀ ਲੇਟ ਹੰਸ ਰਾਜ ਨੇ ਕਿ ਦੱਸਿਆ ਕਿ 2020 ਮੇਰੇ ਪਤੀ ਦੀ ਮੌਤ ਹੋ ਚੁੱਕੀ ਹੈ ਤੇ ਮੇਰੇ ਤਿੰਨ ਬੱਚੇ ਹਨ, ਜਿਨ੍ਹਾਂ ਵਿੱਚੋਂ ਮੇਰੀ ਲੜਕੀ ਤੇ ਲੜਕਾ ਵਿਦੇਸ਼ ਵਿੱਚ ਰਹਿੰਦੇ ਹਨ ਤੇ ਮੈਂ ਆਪਣੇ ਛੋਟੇ ਲੜਕੇ ਸੁਮਿਤ ਕੁਮਾਰ ਨਾਲ ਘਰ ਵਿੱਚ ਰਹਿੰਦੀ ਹਾਂ। ਜਦੋਂ ਅਸੀਂ ਸਵੇਰੇ ਉੱਠੇ ਤਾਂ ਦੇਖਿਆ ਕਿ ਸਾਡੇ ਘਰ ਦੇ ਅੰਦਰ ਕੱਚ ਖਿਲਰਿਆ ਪਿਆ ਹੈ ਤੇ ਬਾਹਰ ਵਾਲਾ ਗੇਟ ਦਾ ਰੰਗ ਕਾਲਾ ਹੋਇਆ ਪਿਆ ਸੀ। ਇਸ ਮਾਮਲੇ ਸਬੰਧੀ ਥਾਣਾ ਆਦਮਪੁਰ ਨੂੰ ਸੂਚਿਤ ਕਾਰਨ ਉਪਰੰਤ ਘਰ ਦੇ ਬਾਹਰ ਲੱਗੇ ਸੀਸੀ ਟੀਵੀ ਕੈਮਰਿਆਂ ਨੂੰ ਖੰਘਾਲਿਆ ਤਾਂ ਪਤਾ ਲੱਗਾ ਕਿ ਰਾਤ ਕਰੀਬ 12 ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਹੋਇਆ ਕਿ ਇਸ ਮਾਮਲੇ ਵਿੱਚ ਬਰੀਕੀ ਨਾਲ ਜਾਂਚ ਕਰਕੇ ਸਾਹਮਣੇ ਆਏ ਇਨਾਂ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ।

# ਹਲਕੇ ਦੇ ਪਿੰਡਾਂ ਤੋਂ ਮਿਲ ਰਿਹੇ ਸਹਿਯੋਗ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ : ਕੋਟਲੀ

**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)**

ਕਾਂਗਰਸ ਪਾਰਟੀ ਦੀ ਆਦਮਪੁਰ ਹਲਕੇ ਅੰਦਰ ਹੋਰ ਮਜ਼ਬੂਤੀ ਲਈ ਲੋਕਾਂ ਦਾ ਵੱਡਾ ਸਹਿਯੋਗ ਮਿਲ ਰਿਹਾ ਹੈ, ਜਿਸ ਨਾਲ ਵਰਕਰਾਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ, ਵੱਖ-ਵੱਖ ਪਿੰਡਾਂ ਦੇ ਲੋਕਾਂ ਨਾਲ ਮਿਲਕੇ ਗੱਲਬਾਤ ਕਰਦਿਆਂ ਆਦਮਪੁਰ ਹਲਕੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਆਖਿਆ ਕਿ ਪਾਰਟੀ ਵਰਕਰਾਂ ਨੇ ਮੇਹਨਤ ਤੇ ਲਗਨ ਨਾਲ ਕੰਮ ਕਰਕੇ ਵਿਧਾਨ ਸਭਾ ਤੇ ਪਾਰਲੀਮੈਂਟ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਆਦਮਪੁਰ ਹਲਕੇ ਵੱਡੀ ਜਿੱਤ ਦਿਵਾਈ ਸੀ, 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹੋਰ ਮਜ਼ਬੂਤੀ ਲਈ ਵਰਕਰਾਂ ਤੇ ਲੋਕਾਂ ਦਾ ਬਹੁਤ ਵੱਡਾ ਸਹਿਯੋਗ ਮਿਲ ਰਿਹਾ ਹੈ।ਕੋਟਲੀ ਨੇ ਆਖਿਆ ਕਿ ਉਹਨਾਂ ਹਮੇਸ਼ਾ ਸਾਂਝੇ ਤਿੰਨ ਸਾਲ ਦੇ ਬੀਤੇ ਸਮੇਂ ਦੌਰਾਨ ਵਿਧਾਨ ਸਭਾ ਅੰਦਰ ਵੱਡੇ ਪੱਧਰ 'ਤੇ ਲੋਕ ਮਸਲਿਆਂ ਨੂੰ ਉਠਾਇਆ ਤੇ ਇਨਸਾਫ਼ ਲਈ ਸੜਕਾਂ ਤੇ ਸੰਘਰਸ਼ ਕੀਤਾ ਜਿਸ ਦੇ ਵਾਰੇ ਆਦਮਪੁਰ ਤੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਉਹਨਾਂ ਕਿਹਾ ਕਿ 10 ਤੇ 11 ਜੁਲਾਈ ਦੇ ਪੰਜਾਬ ਵਿਧਾਨ ਸਭਾ ਦੇ ਹੋ ਰਹੇ ਸ਼ੈਸ਼ਨ ਦੌਰਾਨ ਉਹ ਆਦਮਪੁਰ ਹਲਕੇ ਦੇ ਗੰਭੀਰ ਮਾਮਲੇ ਪੰਜਾਬ ਦੀ ਵਿਧਾਨ ਸਭਾ ਵਿੱਚ ਉਠਾਉਣਗੇ।

# ਦ ਨੌਰਵੁੱਡ ਸਕੂਲ 'ਚ ਵਿਦਿਆਰਥੀ ਕੌਸ਼ਲ ਸੰਰਚਨਾ ਕਰਵਾਈ

**ਬਲਾਚੌਰ (ਜਸਵਿੰਦਰ ਬੈਂਸ)**—ਸਭ ਤੋਂ ਪਹਿਲਾ ਚੁਣੇ ਗਏ ਬੱਚਿਆਂ ਨੂੰ ਚੁਣਾਵੀ ਚਿੰਨ੍ਹ ਦਿੱਤੇ ਗਏ।ਇਸ ਤੋਂ ਬਾਅਦ ਬੱਚਿਆਂ ਨੇ ਹਰ ਕਲਾਸ ਵਿੱਚ ਜਾ ਕੇ ਆਪਣੇ ਸੁਝਾਅ ਰੱਖੇ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਆਪਣੇ ਲਈ ਵੋਟ ਦੀ ਮੰਗ ਕੀਤੀ। ਫਿਰ ਸਕੂਲ ਵਿੱਚ ਹੀ ਬੈਲੇਟ ਪੇਪਰ ਨਾਲ ਵੋਟਾਂ ਪਵਾਈਆਂ ਗਈਆਂ, ਜਿਸ ਵਿੱਚ ਛੇਵੀ ਜਮਾਤ ਤੋਂ ਲੈ ਕੇ ਗਿਆਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਨਾਲ ਨਾਲ ਸਕੂਲ ਦੇ ਸਾਰੇ ਸਟਾਫ ਮੈਂਬਰਾ ਨੇ ਵੀ ਹਿੱਸਾ ਲਿਆ ਅਤੇ ਆਪਣਾ ਮਤਦਾਨ ਕੀਤਾ।ਇੰਨਵੈਸਚਰ ਸੈਰੈਮਨੀ ਦੁਆਰਾ ਜੇਤੂ ਰਹੇ ਵਿਦਿਆਰਥੀਆਂ ਹਰਵਿੰਦਰ ਸਿੰਘ ਹੈੱਡ ਬੁਆਏ, ਮੁਸਕਾਨ ਚੌਧਰੀ ਹੈੱਡ ਗਰਲ ਅਤੇ ਅਰਮਾਨ ਚੌਧਰੀ ਸਪੋਰਟਸ ਹੈੱਡ ਬੁਆਏ, ਅੰਸ਼ਿਕਾ ਸਪੋਰਟਸ ਹੈੱਡ ਗਰਲ, ਨੂੰ ਚੇਅਰਮੈਨ ਮੋਹਿਤ ਕੁਮਾਰ, ਡਾਇਰੈਕਟਰ ਸ੍ਰੀਮਤੀ ਪੂਜਾ ਚੌਧਰੀ, ਪ੍ਰਿੰਸੀਪਲ ਰਵਿੰਦਰ ਸਿੰਘ ਭਨੋਟ, ਵਾਈਸ ਪ੍ਰਿੰਸੀਪਲ ਸ੍ਰੀਮਤੀ ਰਜਨੀ ਭਨੋਟ ਤੇ ਮੈਨੇਜਰ ਮੁਕੇਸ਼ ਭਾਟੀਆ ਦੁਆਰਾ ਬੈਜ ਅਤੇ ਸ਼ੈਸ਼ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਬੱਚਿਆਂ ਨੂੰ ਉਹਨਾਂ ਦੀਆਂ ਜਿੰਮੇਵਾਰੀਆਂ ਅਤੇ ਭੂਮਿਕਾਵਾਂ ਸੌਂਪੀਆ ਗਈਆਂ ਜੋ ਸਕੂਲ ਨੂੰ ਹੋਰ ਅੱਗੇ ਲੈ ਕੇ ਜਾਣ ਵਿੱਚ ਮਦਦਗਾਰ ਸਾਬਤ ਹੋਣਗੀਆਂ। ਉਹਨਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਜਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣਗੇ।

# ਹਰਦੀਪ ਸਿੰਘ ਮੁੰਡੀਆਂ ਨੇ ਐੱਸ ਟੀ ਪੀ ਪ੍ਰੋਜੈਕਟ ਦੇ ਉਦਘਾਟਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਦੇ ਮਕਾਨ ਅਤੇ ਸ਼ਹਿਰੀ ਵਿਕਾਸ, ਮਾਲ, ਪੁਨਰਵਾਸ ਤੇ ਆਫ਼ਤ ਪ੍ਰਬੰਧਨ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗਾਂ ਦੇ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੈਕਟਰ 83, ਮੋਹਾਲੀ ਵਿਖੇ ਅਤਿ-ਆਧੁਨਿਕ 15 ਮਿਲੀਅਨ ਗੈਲਨ ਪ੍ਰਤੀ ਦਿਨ (ਐਮ ਜੀ ਡੀ) ਸੀਵੇਜ ਟ੍ਰੀਟਮੈਂਟ ਪਲਾਂਟ (ਐਸ ਟੀ ਪੀ) ਦੇ ਉਦਘਾਟਨ ਲਈ ਚੱਲ ਰਹੀਆਂ ਤਿਆਰੀਆਂ ਦਾ ਜਾਇਜ਼ਾ ਲਿਆ।ਇਸ ਪਲਾਂਟ ਦਾ ਰ

8-JULY-PAGE-10.qxd 7/7/2025 9:11 PM Page 1



## ਗਲੋਬਲ ਐਕਸ਼ਨ ਕਮੇਟੀ ਦੇ ਕੌਮੀ ਪ੍ਰਧਾਨ ਦਾ ਰੱਤੀਆ ਪਹੁੰਚਣ 'ਤੇ ਨਿੱਘਾ ਸਵਾਗਤ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਅੰਕੁਰ ਨਰੂਲਾ ਮਨਿਸਟਰੀ ਖਾਂਬਰਾ ਦੀ ਹਰਿਆਣਾ ਬਰਾਂਚ 'ਚ ਗਲੋਬਲ ਕ੍ਰਿਸਚਨ ਐਕਸ਼ਨ ਕਮੇਟੀ ਦੇ ਨੈਸ਼ਨਲ ਪ੍ਰਧਾਨ ਸ੍ਰੀ ਜਤਿੰਦਰ ਮਸੀਹ ਗੌਰਵ ਹਰਿਆਣਾ ਦੇ ਰੱਤੀਆ ਸ਼ਹਿਰ 'ਚ ਬੀਤੇ ਦਿਨੀਂ ਪਹੁੰਚੇ, ਉਨ੍ਹਾਂ ਉਥੇ ਪਹੁੰਚ ਕੇ ਹਰਿਆਣਾ ਦੀਆਂ ਕਈ ਬ੍ਰਾਂਚਾਂ ਨੂੰ ਇਕੱਤਰ ਕਰ ਸਮੂਹ ਗਲੋਬਲ ਕ੍ਰਿਸਚਨ ਐਕਸ਼ਨ ਕਮੇਟੀ ਦੁਆਰਾ ਵੱਡੀ ਮੀਟਿੰਗ ਕੀਤੀ ਗਈ।ਇਸ ਮੀਟਿੰਗ 'ਚ ਪਾਸਟਰ ਵਿੰਗ, ਮਹਿਲਾ ਵਿੰਗ ਤੇ ਯੂਥ ਵਿੰਗ ਦੇ ਸਾਰੇ ਪ੍ਰਧਾਨ ਇਕੱਤਰ ਹੋ ਕੇ ਗਲੋਬਲ ਐਕਸ਼ਨ ਕਮੇਟੀ ਦੇ ਨੈਸ਼ਨਲ ਪ੍ਰਧਾਨ ਸ੍ਰੀ ਜਤਿੰਦਰ ਮਸੀਹ ਗੌਰਵ ਦੇ ਰੱਤੀਆ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਗਲੋਬਲ ਐਕਸ਼ਨ ਕਮੇਟੀ ਦੇ ਨੈਸ਼ਨਲ ਪ੍ਰਧਾਨ ਜਤਿੰਦਰ ਮਸੀਹ ਗੌਰਵ ਨੇ ਬਾਈਬਲ ਦੇ ਪਵਿੱਤਰ ਵਚਨਾਂ 'ਚੋਂ ਆਈਆਂ ਸਾਰੀਆਂ ਟੀਮਾਂ ਨੂੰ ਗਾਈਡ ਕੀਤਾ ਤੇ ਉਨ੍ਹਾਂ ਨੂੰ ਦੱਸਿਆ ਕਿ ਤੁਸੀਂ ਪੂਰੇ ਹਰਿਆਣਾ 'ਚ ਸਮੂਹ ਮਸੀਹ ਕਲਿਸੀਆਵਾਂ ਤੇ ਪਰਮੇਸ਼ਵਰ ਦੇ ਦਾਸਾਂ ਦਾ ਸਾਥ ਦੇਣਾ ਹੈ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਪ੍ਰਧਾਨ ਲੂਕਸ ਮਸੀਹ ਵੀ ਹਾਜ਼ਰ ਸਨ।

## ਪਰਵਾਰ ਨੇ ਬੇਟੀ ਮਾਨਿਆ ਦੀਆਂ ਅੱਖਾਂ ਦਾਨ ਕਰਕੇ ਦੋ ਵਿਅਕਤੀਆਂ ਦਾ ਜਗ ਰੁਸ਼ਨਾਇਆ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਬੀਤੇ ਦਿਨੀਂ ਬਾਬੂ ਹੰਸ ਰਾਜ ਜੇ ਈ ਦੀ ਲਾਡਲੀ ਪੋਤਰੀ ਤੇ ਮਨਿੰਦਰ ਪਾਲ ਸਿੰਘ ਤੇ ਰਮਨਦੀਪ ਕੌਰ ਦੀ ਲਾਡਲੀ ਧੀ ਅਚਾਨਕ ਸਦੀਵੀ ਵਿਛੋੜਾ ਦੇ ਗਈ, ਜਿਸ ਕਾਰਨ ਵਿਹੜੇ ਦੀ ਰੌਣਕ ਦਾ ਇਸ ਫਾਨੀ ਸੰਸਾਰ ਤੋਂ ਚਲੇ ਜਾਣਾ, ਸਮੂਹ ਪਰਵਾਰ ਤੇ ਰਿਸ਼ਤੇਦਾਰਾਂ ਨੂੰ ਗਮਗੀਨ ਕਰ ਗਿਆ, ਪਰ ਇੱਕ ਮਹੀਨਾ ਦਇਆਨੰਦ ਹਸਪਤਾਲ ਲੁਧਿਆਣਾ ਵਿੱਚ ਇਲਾਜ ਦੌਰਾਨ ਮਾਨਿਆ ਦੀ ਮੌਤ ਹੋ ਗਈ।ਪ੍ਰੰਤੂ ਫ਼ਿਰ ਵੀ ਪਰਵਾਰ ਨੇ ਵਿਗਿਆਨਕ ਸੋਚ ਨੂੰ ਅਪਣਾਉਂਦਿਆਂ ਹੌਸਲੇ ਨਾਲ ਦਲੇਰੀ ਕਰਦਿਆਂ ਆਪਣੀ ਸਮਝ ਅਨੁਸਾਰ ਡਾਕਟਰ ਰਮੇਸ਼ ਮਨਸੂਰਾਂ ਰਾਹੀਂ ਬੇਟੀ ਮਾਨਿਆ ਦੀਆਂ ਅੱਖਾਂ ਦਾਨ ਕਰਕੇ ਦੋ ਮਰੀਜ਼ਾਂ ਨੂੰ ਰੌਸ਼ਨੀ ਦੇ ਕੇ ਖੁਸ਼ੀ ਦਿੱਤੀ, ਜਿਸ ਦੀ ਜਾਣਕਾਰੀ ਦਿੰਦਿਆਂ ਅੰਤਿਮ ਅਰਦਾਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਡਾਕਟਰ ਅਮਰਜੀਤ ਸਿੰਘ ਮੁੱਲਾਂਪੁਰ ਨੇ ਸੰਗਤਾਂ ਨੂੰ ਦੱਸਦਿਆਂ ਪਰਵਾਰ ਦੇ ਹੌਸਲੇ ਦੀ ਪ੍ਰਸ਼ੰਸਾ ਕੀਤੀ ਤੇ ਹੋਰ ਦਾਨੀਆਂ ਨੂੰ ਵੀ ਅੱਖਾਂ ਦਾਨ ਕਰਨ ਦੀ ਪ੍ਰੇਰਣਾ ਦਿੱਤੀ।ਬੇਟੀ ਮਾਨਿਆ ਭਾਵੇਂ ਅੱਜ ਪਰਵਾਰ ਤੇ ਸਾਡੇ ਦਰਮਿਆਨ ਨਹੀਂ ਰਹੀ, ਪ੍ਰੰਤੂ ਉਸ ਦੀਆਂ ਅੱਖਾਂ ਦੋ ਮਰੀਜ਼ਾਂ ਦੀ ਜ਼ਿੰਦਗੀ ਰੌਸ਼ਨਾ ਗਈਆਂ, ਜਿਸ ਦੀ ਸਮੂਹ ਇਕੱਤਰ ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬੰਧਤ ਏਟਕ ਮੰਡਲ ਯੂਨਿਟ ਅੱਡਾ ਦਾਖਾਂ ਦੇ ਆਗੂਆਂ ਤੇ ਅੰਤਿਮ ਅਰਦਾਸ ਵਿੱਚ ਪਹੁੰਚੇ ਅਧਿਆਪਕ ਸਾਥੀਆਂ ਤੇ ਹੋਰਨਾਂ ਨੇ ਪਰਵਾਰ ਦੇ ਹੌਸਲੇ ਦੀ ਦਾਦ ਦਿੱਤੀ।

## ਸੰਧਵਾਂ ਨੇ ਵੱਖ-ਵੱਖ ਸਮਾਗਮਾਂ 'ਚ ਕੀਤੀ ਸ਼ਿਰਕਤ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਹਮੇਸ਼ਾ ਵਾਂਗ ਆਪਣੇ ਨਿੱਜੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਅੱਜ ਹਲਕੇ ਦੇ ਵੱਖ-ਵੱਖ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਪਿੰਡ ਚੱਕ ਕਲਿਆਣ ਵਿਖੇ ਬਾਬਾ ਪੂਰਨ ਦਾਸ ਜੀ ਦੀ ਬਰਸੀ ਵਿੱਚ ਸ਼ਿਰਕਤ ਕਰਨ ਉਪਰੰਤ ਗੁਰਦੁਆਰਾ ਦਸਮੇਸ਼ਪਿਤਾ ਮੁਹੱਲਾ ਖੋਖਰਾਂ ਵਾਲਾ ਫਰੀਦਕੋਟ ਵਿਖੇ ਸ੍ਰੀ ਮੋਹਨ ਲਾਲ ਸਾਬਕਾ ਐੱਮ. ਸੀ. ਦੇ ਭੋਗ ਸਮਾਗਮ ਵਿੱਚ ਤੇ ਗੁਰਦੁਆਰਾ ਪੁਲਸ ਲਾਈਨ ਫਰੀਦਕੋਟ ਵਿਖੇ ਸ੍ਰ. ਸੁਖਦੀਪ ਸਿੰਘ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਸਮਾਗਮ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਕਿਸੇ ਜੀਅ ਦਾ ਘਰ ਪਰਵਾਰ ਵਿੱਚੋਂ ਚਲੇ ਜਾਣਾ ਪਰਵਾਰ ਲਈ ਬਹੁਤ ਵੱਡਾ ਘਾਟਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਰੱਬ ਪਰਵਾਰਾਂ ਨੂੰ ਇਸ ਦੁੱਖ ਨੂੰ ਸਹਿਣ ਦਾ ਬੱਲ ਬਖਸ਼ੇ ਤੇ ਵਿੱਛੜੀਆਂ ਰੂਹਾਂ ਨੂੰ ਸ਼ਾਂਤੀ ਦੇਵੇ ਅਤੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।ਇਸ ਮੌਕੇ ਪਰਿਵਾਰ ਮੈਂਬਰ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

## ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਦੀ ਅਹਿਮ ਮੀਟਿੰਗ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਰਜਿੰਦਰ ਵਰਮਾ ਦੀ ਪ੍ਰਧਾਨਗੀ ਹੇਠ ਬੁਢਲਾਡਾ ਵਿਖੇ ਹੋਈ।ਮੀਟਿੰਗ ਵਿੱਚ ਸਾਰੇ ਮੈਂਬਰਾਂ ਦੀ ਜਾਣ ਪਹਿਚਾਣ ਕਰਕੇ ਪਛਾਣ ਪੱਤਰ ਵੀ ਵੰਡੇ ਗਏ। ਰਜਿੰਦਰ ਵਰਮਾ ਤੇ ਸੁਰਿੰਦਰ ਭੀਖੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਨੌਜਵਾਨਾਂ ਤੇ ਸੰਸਥਾਵਾਂ ਨੂੰ ਇੱਕੋ ਪਲੇਟਫਾਰਮ 'ਤੇ ਇਕੱਠੇ ਕਰਨ ਦਾ ਮਕਸਦ ਹੈ ਤਾਂ ਜੋ ਨੌਜਵਾਨ ਮਿਲ ਜੁਲ ਕੇ ਸਮਾਜ ਸੇਵਾ ਨੂੰ ਸਮਰਪਿਤ ਹੋਣ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਮੰਜੂ ਜਿੰਦਲ, ਕਰਮਜੀਤ ਕੌਰ ਸਮਾਓਂ, ਸਰਬਜੀਤ ਕੌਰ, ਮਨਦੀਪ ਕੌਰ, ਗਗਨਦੀਪ ਕੌਰ, ਜਸਪਾਲ ਕੌਰ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਔਰਤਾਂ ਤੇ ਲੜਕੀਆਂ ਨੂੰ ਸਿਲਾਈ ਸੈਂਟਰਾਂ 'ਚ ਸਿਖਲਾਈ ਵੀ ਦਿੱਤੀ ਜਾਵੇਗੀ ਤਾਂ ਕਿ ਲੜਕੀਆਂ ਤੇ ਔਰਤਾਂ ਆਤਮ-ਨਿਰਭਰ ਹੋ ਸਕਣ। ਇਸ ਤੋਂ ਇਲਾਵਾ ਮਾਸਟਰ ਹੇਮ ਰਾਜ ਸ਼ਰਮਾ, ਐਡਵੋਕੇਟ ਕ੍ਰਿਸ਼ਨ ਲਾਲ, ਚੰਦਨ ਕੁਮਾਰ, ਯੋਗੇਸ਼ ਸ਼ਰਮਾ, ਸੁਰਜੀਤ ਸਿੰਘ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਮਾਨਸਾ-ਬੁਢਲਾਡਾ ਵਿੱਚ ਪੌਦੇ ਵੀ ਲਗਾਏ ਜਾਣਗੇ ਅਤੇ ਹਰ ਐਤਵਾਰ ਪੌਦਿਆਂ ਦੀ ਸਾਂਭ ਸੰਭਾਲ ਲਈ ਰਾਖਵਾਂ ਰੱਖਿਆ ਜਾਵੇਗਾ।ਅਮਨਦੀਪ ਸ਼ਰਮਾ ਤੇ ਜਗਦੀਪ ਕੌਰ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਆਗਾਮੀ ਅਧਿਆਪਕ ਦਿਵਸ, ਪੰਜਾਬੀ ਸਾਹਿਤ ਕਲਾ ਮੰਚ ਨਾਲ ਮਿਲ ਕੇ ਮਨਾਇਆ ਜਾਵੇਗਾ ਤੇ ਕਵੀ ਦਰਬਾਰ ਤੇ ਮਹਿਫ਼ਲ ਪ੍ਰੋਗਰਾਮ ਵੀ ਕਰਵਾਇਆ ਜਾਵੇਗਾ। ਆਗੂਆਂ ਨੇ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਜਾਂ ਇਕੱਲੇ ਪਿਤਾ ਦੀ ਮੌਤ ਹੋ ਗਈ ਹੈ ਅਤੇ ਉਨ੍ਹਾਂ ਦੇ ਆਰਥਿਕ ਹਾਲਾਤ ਠੀਕ ਨਹੀਂ, ਉਨ੍ਹਾਂ ਨੂੰ ਸਰਕਾਰੀ ਸਕੀਮਾਂ ਸਪੌਂਸਰਸ਼ਿਪ ਲਾਭਪਾਤਰੀ ਆਸ਼ਰਿਤ ਤੇ ਪੈਨਸ਼ਨ ਦਾ ਲਾਭ ਦਿਵਾਇਆ ਜਾਵੇਗਾ।ਇਸ ਮੌਕੇ ਬਸੰਤ ਸਿੰਘ ਕੁਲਰੀਆਂ, ਮਹਿੰਦਰ ਪਾਲ ਸਿੰਗਲਾ, ਹਰੀਸ਼ ਗਰਗ, ਵਿਕਰਮ ਅਰੋੜਾ ਤੇ ਤਰਨਪ੍ਰੀਤ ਸਿੰਘ ਆਹਲੂਵਾਲੀਆ, ਲਖਵੀਰ ਸਿੰਘ, ਗੁਰਮੇਲ ਸਿੰਘ ਆਦਿ ਆਗੂ ਹਾਜ਼ਰ ਸਨ।

## ਸਿਹਤ ਮੰਤਰੀ ਨੇ ਡਾਇਰੀਆ ਪੀੜਤ ਪਿੰਡ 'ਚ ਜਾ ਕੇ ਲਿਆ ਹਾਲਾਤ ਦਾ ਜਾਇਜ਼ਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਪਟਿਆਲਾ ਦੇ ਪਿੰਡ ਅਲੀਪੁਰ ਅਰਾਈਆਂ ਵਿਖੇ ਪਿੰਡ ਵਿੱਚ 56 ਡਾਇਰੀਆ ਦੇ ਕੇਸਾਂ ਦੀ ਜਾਣਕਾਰੀ ਮਿਲਦੇ ਹੀ ਲੋਕਾਂ ਦੀ ਹਾਲਤ ਬਾਰੇ ਜਾਣਕਾਰੀ ਲੈਣ ਲਈ ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਵਿਭਾਗ ਤੇ ਨਗਰ ਨਿਗਮ ਦੀਆਂ ਟੀਮਾਂ ਨਾਲ ਪਹੁੰਚੇ।ਉਨ੍ਹਾਂ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੀੜਤ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਚੱਟਾਨ ਵਾਂਗ ਖੜੀ ਹੈ।ਉਨ੍ਹਾਂ ਕਿਹਾ ਕਿ ਡਾਇਰੀਆ ਦੀ ਰੋਕਥਾਮ ਲਈ ਉਹ ਖੁਦ ਨਿਗਰਾਨੀ ਕਰ ਰਹੇ ਹਨ ਤੇ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇਗਾ।ਡਾ. ਬਲਬੀਰ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਡਾਇਰੀਆ ਦੇ ਫੈਲਾਅ ਨੂੰ ਰੋਕਣ ਲਈ ਫੌਰੀ ਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।ਉਨ੍ਹਾਂ ਕਿਹਾ ਕਿ ਮਰੀਜ਼ਾਂ ਦਾ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ ਤੇ ਪਿੰਡ ਵਿੱਚ ਡਿਸਪੈਂਸਰੀਆਂ ਵੀ ਖੋਲ੍ਹੀਆਂ ਗਈਆਂ ਹਨ, ਜਿੱਥੇ ਓ.ਆਰ.ਐੱਸ., ਐਂਟੀਬਾਇਓਟਿਕ ਦਵਾਈਆਂ ਤੇ ਕਲੋਰੀਨ ਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵਿਅਕਤੀ ਨੂੰ ਲਗਾਤਾਰ ਦਸਤ, ਉਲਟੀ ਜਾਂ ਕਮਜ਼ੋਰੀ ਮਹਿਸੂਸ ਹੋਵੇ ਤਾਂ ਉਹ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਵਿੱਚ ਪਹੁੰਚਣ, ਜਿੱਥੇ ਸਰਕਾਰ ਵੱਲੋਂ 24 ਘੰਟੇ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੈ ਅਤੇ ਇਲਾਜ ਵੀ ਫਰੀ ਹੈ।ਉਨ੍ਹਾਂ ਕਿਹਾ ਕਿ ਸਿਹਤ ਟੀਮ ਵੱਲੋਂ ਲਗਾਤਾਰ ਪਾਣੀ ਦੀ ਟੈਸਟਿੰਗ ਵੀ ਕੀਤੀ ਜਾ ਰਹੀ ਹੈ।ਇਸ ਮੌਕੇ ਸਿਹਤ ਵਿਭਾਗ ਦੀ ਟੀਮ ਨੇ ਜਾਣਕਾਰੀ ਦਿੱਤੀ ਕਿ ਪਿੰਡ ਵਿੱਚ 56 ਮਾਮਲੇ ਸਾਹਮਣੇ ਆਏ ਹਨ ਤੇ ਸਿਹਤ ਵਿਭਾਗ ਤਿੰਨ ਦਿਨਾਂ ਤੋਂ ਪਿੰਡ ਵਿੱਚ ਮੈਡੀਕਲ ਕੈਂਪ ਚਲਾ ਰਿਹਾ ਹੈ, ਜਿਸ ਰਾਹੀਂ ਲੋਕਾਂ ਨੂੰ ਇਲਾਜ ਤੇ ਜਾਗਰੂਕਤਾ ਦੋਵੇਂ ਦਿੱਤੀ ਜਾ ਰਹੀ ਹੈ।ਇਸ ਮੌਕੇ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ, ਜਸਵੀਰ ਗਾਂਧੀ, ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੇ ਪਤਨੀ ਸਿਮਰਜੀਤ ਕੌਰ ਪਠਾਨਮਾਜਰਾ, ਏ.ਡੀ.ਸੀ. ਨਵਰੀਤ ਕੌਰ ਸੇਖੋਂ, ਐੱਸ.ਡੀ.ਐੱਮ. ਗੁਰਦੇਵ ਸਿੰਘ ਧੰਮ, ਸਿਵਲ ਸਰਜਨ ਡਾ: ਜਗਪਾਲਇੰਦਰ ਸਿੰਘ, ਐੱਸ.ਐੱਮ.ਓ. ਡਾ: ਨਾਗਰਾ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ: ਸੁਮੀਤ ਸਿੰਘ, ਦਿਵਜੋਤ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਰੇਲਵੇ ਟਰੈਕ ਨੇੜਿਓਂ ਅਣਪਛਾਤੀ ਲਾਸ਼ ਬਰਾਮਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ.ਆਰ.ਪੀ. ਵੱਲੋਂ ਸਰਹਿੰਦ ਨਜ਼ਦੀਕ ਰੇਲਵੇ ਟਰੈਕ ਤੋਂ ਇੱਕ ਅਣਪਛਾਤੀ ਲਾਸ਼ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ।ਮਾਮਲੇ ਦੀ ਜਾਂਚ ਕਰ ਰਹੇ ਜੀ.ਆਰ.ਪੀ. ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਸਰਹਿੰਦ ਰੇਲਵੇ ਸਟੇਸ਼ਨ ਨੇੜੇ ਰੇਲਵੇ ਕਿੱਲੋਮੀਟਰ ਨੰਬਰ 314/38 ਨਜ਼ਦੀਕ ਰੇਲਵੇ ਟਰੈਕ ਕੋਲੋਂ ਇੱਕ ਅਣਪਛਾਤੀ ਲਾਸ਼ ਬਰਾਮਦ ਹੋਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਉਮਰ ਕਰੀਬ 45/50 ਸਾਲ, ਜਿਸ ਨੇ ਕਾਲੇ ਰੰਗ ਦੀ ਪੈਂਟ ਤੇ ਫਿੱਕੀ ਜਾਮਣੀ ਕਮੀਜ਼ ਪਹਿਨੀ ਹੋਈ ਹੈ, ਜਿਸ ਦੀ ਲਾਸ਼ ਨੂੰ ਸ਼ਨਾਖਤ ਲਈ 72 ਘੰਟਿਆਂ ਵਾਸਤੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੌਰਚਰੀ 'ਚ ਰਖਵਾਇਆ ਗਿਆ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਜੇਕਰ ਕਿਸੇ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਜੀ.ਆਰ.ਪੀ. ਥਾਣਾ ਸਰਹਿੰਦ ਜਾਂ ਉਨ੍ਹਾਂ ਦੇ ਫੋਨ ਨੰਬਰ 94633-94576 'ਤੇ ਸਾਂਝੀ ਕੀਤੀ ਜਾਵੇ।

### ਪੁੱਡਾ ਵੱਲੋਂ ਸ਼ਹੀਦਾਂ ਦਾ ਘੋਰ ਅਪਮਾਨ

## ਸ਼ਹੀਦ ਊਧਮ ਸਿੰਘ ਦੇ ਪਾਟੇ ਸਾਈਨ ਬੋਰਡਾਂ ਨੂੰ ਨਹੀਂ ਬਦਲਿਆ ਜਾ ਰਿਹਾ

**ਪਟਿਆਲਾ (ਰਾਜਿੰਦਰ ਥਿੰਦ)**-ਦੇਸ਼ ਤੇ ਕੌਮ ਲਈ ਜਿਹੜੇ ਸ਼ੂਰਵੀਰਾਂ ਵੱਲੋਂ ਆਪਣੀਆਂ ਕੁਰਬਾਨੀਆਂ ਦੇ ਕੇ ਦੇਸ਼ ਨੂੰ ਆਜ਼ਾਦ ਕਰਵਾਇਆ, ਉਨ੍ਹਾਂ ਦੇ ਨਾਮ ਦੀ ਅੱਜ ਪੁੱਡਾ ਵਰਗੇ ਕਈ ਅਦਾਰੇ ਖਿੱਲੀ ਉਡਾ ਰਹੇ ਹਨ, ਜਿੱਥੇ ਸ਼ਹੀਦਾਂ ਦਾ ਸਾਨੂੰ ਅੱਜ ਸਨਮਾਨ ਕਰਨਾ ਬਣਦਾ ਹੈ, ਉਥੇ ਪੁੱਡਾ ਦੇ ਪਟਿਆਲਾ ਸਥਿਤ ਦਫ਼ਤਰ ਵੱਲੋਂ ਸ਼ਹੀਦਾਂ ਦਾ ਘੋਰ ਅਪਮਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਵੱਲੋਂ ਸੜਕੀ ਮਾਰਗਾਂ, ਗਲੀਆਂ-ਮੁਹੱਲਿਆਂ, ਸਕੂਲਾਂ ਤੇ ਹੋਰ ਸਰਕਾਰੀ ਸਥਾਨਾਂ ਦੇ ਨਾਮ 'ਤੇ ਉਨ੍ਹਾਂ ਦੇ ਨਾਮ ਰੱਖੇ ਗਏ ਹਨ, ਉਥੇ ਪਟਿਆਲਾ ਡਿਵੈਲਪਮੈਂਟ ਅਰਬਨ ਅਥਾਰਟੀ (ਪੁੱਡਾ) ਵੱਲੋਂ ਅਰਬਨ ਐਸਟੇਟ-1-2-3 ਦੇ ਨਾਮ ਸ਼ਹੀਦ-ਏ-ਆਜ਼ਮ ਊਧਮ ਸਿੰਘ ਕੰਬੋਜ ਦੇ ਨਾਮ 'ਤੇ ਰੱਖ ਕੇ ਜੋ ਸਾਈਨ ਬੋਰਡ ਲਗਾਏ ਗਏ ਹਨ, ਦੀ ਦੁਰਦਸ਼ਾ ਤਸਵੀਰਾਂ ਬਿਆਨ ਕਰ ਰਹੀਆਂ ਹਨ।ਪਟਿਆਲਾ-ਰਾਜਪੁਰਾ ਰੋਡ ਮਾਰਗ 'ਤੇ ਲੱਗੀਆਂ ਟ੍ਰੈਫਿਕ ਲਾਈਟਾਂ ਤੋਂ ਜੋ ਸੜਕ ਰੇਡੀਓ ਸਟੇਸ਼ਨ ਨੂੰ ਜਾ ਰਹੀ ਹੈ, ਉਸ ਦੇ ਸ਼ੁਰੂਆਤ 'ਤੇ ਸ਼ਹੀਦ ਊਧਮ ਸਿੰਘ ਕੰਬੋਜ ਅਰਬਨ ਐਸਟੇਟ ਫੇਜ਼-3 ਤੇ ਅਰਬਨ ਐਸਟੇਟ ਫੇਜ਼-1 ਦੇ ਜੋ ਸਾਈਨ ਬੋਰਡ ਸ਼ਹੀਦਾਂ ਦੇ ਨਾਮ 'ਤੇ ਲਗਾਏ ਗਏ ਹਨ, ਉਹ ਪਿਛਲੇ ਲੰਮੇ ਸਮੇਂ ਤੋਂ ਨਕਾਰਾ ਤੇ ਡੈਮੇਜ ਹੋ ਚੁੱਕੇ ਹਨ।ਇਨ੍ਹਾਂ ਸਾਈਨ ਬੋਰਡਾਂ 'ਤੇ ਸ਼ਹੀਦ ਊਧਮ ਸਿੰਘ ਦਾ ਨਾਮ ਅਧੂਰਾ ਰਹਿ ਗਿਆ ਹੈ, ਪ੍ਰੰਤੂ ਸਭ ਕੁੱਝ ਜਾ

08-Junly-PAGE-11-Majha-25-C.qxd 7/7/2025 10:28 PM Page 1



# ਯੂਨੀਵਰਸਿਟੀ 'ਚ ਮੈਰਿਟ ਹਾਸਲ ਕਰਨ 'ਤੇ ਨਵਨੀਤ ਕੌਰ ਨੂੰ ਸਕਾਲਰਸ਼ਿਪ ਦਿੱਤੀ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਵਿੱਚ ਚੱਲ ਰਹੇ ਕੋਰਸ ਬੀ. ਏ, ਬੀ. ਕਾਮ, ਬੀਸੀਏ, ਬੀਐੱਸਸੀ ਇਕਨੋਮਿਕਸ ਅਤੇ ਐੱਮ. ਏ. ਹਿਸਟਰੀ ਦੇ ਨਤੀਜੇ ਲਗਾਤਾਰ ਐਲਾਨੇ ਗਏ ਸਨ ਜਿਸ ਵਿੱਚੋਂ ਬਹੁਤ ਹੀ ਮਿਹਨਤੀ ਅਤੇ ਹੋਣਹਾਰ ਵਿਦਿਆਰਥਣ ਨਵਨੀਤ ਕੌਰ ਪੁੱਤਰੀ ਰਣਜੀਤ ਸਿੰਘ ਵਾਸੀ ਘਨਸ਼ਾਮਪੁਰ ਨੇ ਬੀਸੀਏ ਸੈਸ਼ਨ 2024 ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਪੂਰੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਬੱਚੇ ਦੇ ਨਿਰੰਤਰ ਯਤਨ ਅਤੇ ਵਧੀਆ ਕਾਰਗੁਜ਼ਾਰੀ ਦਾ ਉਸ ਨੂੰ ਬਹੁਤ ਮਿੱਠਾ ਫਲ ਮਿਲਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਉਸ ਦੀ ਅਗਲੇਰੀ ਪੜ੍ਹਾਈ ਲਈ ਸਕਾਲਰਸ਼ਿਪ ਦਿੱਤੀ ਗਈ।ਕਾਲਜ ਵੱਲੋਂ ਵਿਦਿਆਰਥਣ ਦੀ ਹੌਸਲਾ ਅਫਜ਼ਾਈ ਅਤੇ ਮਾਣ ਸਨਮਾਨ ਵਜੋਂ ਸਿਰਪਾਓ ਦੀ ਭੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਮੂੰਹ ਮਿੱਠਾ ਕਰਵਾਇਆ। ਇਸ ਖੁਸ਼ੀ ਦੇ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਕਿਹਾ ਕਿ ਅੱਜ ਸਾਡੀ ਸੰਸਥਾ ਲਈ ਇੱਕ ਮਾਣ ਵਾਲਾ ਪਲ ਹੈ। ਤੁਹਾਡੀ ਸਫਲਤਾ ਸਿਰਫ਼ ਤੁਹਾਡੀ ਆਪਣੀ ਨਹੀਂ ਹੈ ਇਹ ਤੁਹਾਡੇ ਅਧਿਆਪਕਾਂ ਦੇ ਮਾਰਗਦਰਸ਼ਨ, ਤੁਹਾਡੇ ਮਾਪਿਆਂ ਦੇ

ਸਮਰਥਨ ਅਤੇ ਤੁਹਾਡੇ ਆਪਣੇ ਦ੍ਰਿੜ ਇਰਾਦੇ ਦਾ ਪ੍ਰਤੀਬਿੰਬ ਵੀ ਹੈ।ਤੁਸੀਂ ਆਪਣੇ ਸਾਥੀਆਂ ਲਈ ਇੱਕ ਮਿਸਾਲ ਕਾਇਮ ਕੀਤੀ ਹੈ।ਸਫਲਤਾ ਰਾਤੋ-ਰਾਤ ਨਹੀਂ ਆਉਂਦੀ।ਇਸ ਲਈ ਧੀਰਜ, ਸਖ਼ਤ ਮਿਹਨਤ ਅਤੇ ਸਕਾਰਾਤਮਕ ਰਵੱਈਏ ਦੀ ਲੋੜ ਹੁੰਦੀ ਹੈ।ਇਸ ਮੌਕੇ ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰ. ਜਤਿੰਦਰ ਸ਼ਰਮਾ, ਮੈਡਮ ਕੁਲਦੀਪ, ਗੁਰਵਿੰਦਰ ਕੌਰ, ਮਨਜੀਤ ਕੌਰ, ਸੁਪ੍ਰੀਤ ਕੌਰ, ਰੁਪਿੰਦਰ ਕੌਰ, ਗੁਰਸ਼ਰਨਪ੍ਰੀਤ ਕੌਰ, ਸੁਖਮਨਦੀਪ ਕੌਰ, ਪੂਰਤੀ ਸ਼ਰਮਾ, ਅਮਨਦੀਪ ਕੌਰ, ਪਵਨਦੀਪ ਕੌਰ, ਨਵਨੀਤ ਕੌਰ, ਕਾਬਲ ਸਿੰਘ ਪੁਰਬਾ ਅਤੇ ਸਮੂਹ ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

# ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਭਲਕ ਦੀ ਦੇਸ਼ ਵਿਆਪੀ ਹੜਤਾਲ ਦਾ ਸਮਰਥਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ 9 ਜੁਲਾਈ ਦੀ ਹੜਤਾਲ ਨੂੰ ਡੈਮੋਕ੍ਰੇਟਿਕ ਮੁਲਾਜ਼ਮ ਫੇਡਰੇਸ਼ਨ ਵੱਲੋਂ ਸਮਰਥਨ ਦਾ ਐਲਾਨ ਕਰਦਿਆਂ ਸਮੂਹ ਜ਼ਿਲ੍ਹਿਆਂ ਅੰਦਰ ਹਮਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਰੈਲੀਆਂ ਅਤੇ ਪ੍ਰਦਰਸ਼ਨਾਂ ਨੂੰ ਸਫਲ ਕਰਨ ਦਾ ਸੱਦਾ ਦਿੱਤਾ ਗਿਆ ਹੈ।ਜਥੇਬੰਦੀ ਦੀ ਸੂਬਾ ਕਮੇਟੀ ਮੀਟਿੰਗ ਕਰਨ ਤੋਂ ਬਾਅਦ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਜਨਰਲ ਸਕੱਤਰ ਹਰਦੀਪ ਟੋਡਰਪੁਰ ਅਤੇ ਵਿਤ ਸਕੱਤਰ ਹਰਿਦਰ ਦੁਸਾਂਝ ਨੇ ਜਾਰੀ ਕੀਤੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਮਜ਼ਦੂਰਾਂ, ਮੁਲਾਜ਼ਮਾਂ ਅਤੇ ਮਾਣਭੱਤਾ ਵਰਕਰਾਂ ਦੇ ਹੱਕਾਂ ਦਾ ਵੱਡੇ ਪੱਧਰ ਤੇ ਘਾਣ ਕੀਤਾ ਜਾ ਰਿਹਾ ਹੈ।ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਦੁਆਰਾ ਮਜ਼ਦੂਰ ਪੱਖੀ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਲਿਆਉਣ, ਠੇਕੇਦਾਰ ਤੇ ਆਊਟਸੋਰਸ ਪ੍ਰਣਾਲੀ ਨੂੰ ਲਗਾਤਾਰ ਜਾਰੀ ਰੱਖਣ ਅਤੇ ਹੋਰ ਮਜ਼ਬੂਤ ਕਰਨ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਕਾਰਪੋਰੇਟਾਂ ਦੇ ਹਵਾਲੇ ਕਰਨ, ਸਰਕਾਰੀ ਵਿਭਾਗਾਂ ਦੀ ਆਕਾਰ ਘਟਾਈ ਦੀ ਨੀਤੀ ਨੂੰ ਤੇਜ਼ ਕਰਨ, ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ, ਮਾਣ ਭੱਤਾ ਵਰਕਰਾਂ ਤੇ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਘੱਟੋ ਘੱਟ ਉਜਰਤਾਂ ਲਾਗੂ ਨਾ ਕਰਨ ਅਤੇ ਕੌਮੀ ਸਿੱਖਿਆ ਨੀਤੀ 2020 ਰਾਹੀਂ ਸਰਕਾਰੀ ਸਿੱਖਿਆ ਸੰਸਥਾਵਾਂ ਦੇ ਖਾਤਮੇ ਦਾ ਰਾਹ ਅਖਤਿਆਰ ਕਰਨ ਨਾਲ ਇਹ ਸਾਬਿਤ ਹੋ ਚੁੱਕਾ ਹੈ ਕਿ ਇਹ ਦੋਵੇਂ ਸਰਕਾਰਾਂ ਲੋਕਾਂ ਲਈ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਲਈ ਕੰਮ ਕਰ ਰਹੀਆਂ ਹਨ।ਇਸ ਮੌਕੇ ਵਿਕਰਮਦੇਵ ਸਿੰਘ, ਲਖਵਿੰਦਰ ਕੌਰ ਫਰੀਦਕੋਟ, ਮਨਦੀਪ ਕੌਰ ਬਿਲਗਾ, ਬਲਬੀਰ ਸਿੰਘ ਸਿਵੀਆਂ ਅਤੇ ਮਹਿਮਾ ਸਿੰਘ

ਨੇ ਕਿਹਾ ਕਿ ਮਜ਼ਦੂਰਾਂ, ਮੁਲਾਜ਼ਮਾਂ ਤੇ ਮਾਣਭੱਤਾ ਵਰਕਰਾਂ ਦੇ ਮਸਲੇ ਹੱਲ ਨਾ ਕਰਨ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਵੀ ਦੋ ਕਦਮ ਅੱਗੇ ਚੱਲ ਰਹੀ ਹੈ।ਆਗੂਆਂ ਨੇ ਆਖਿਆ ਕਿ ਜਿੱਥੇ ਆਮ ਆਦਮੀ ਪਾਰਟੀ ਮਾਣਭੱਤਾ ਵਰਕਰਾਂ ਦਾ ਭੱਤਾ ਦੁੱਗਣਾ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਕਰਨ ਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀਆਂ ਦਿੱਤੀਆਂ ਆਪਣੀਆਂ ਹੀ ਗਰੰਟੀਆਂ ਤੋਂ ਭਗੌੜੀ ਹੋ ਚੁੱਕੀ ਹੈ ਉਥੇ ਮੁਲਾਜ਼ਮਾਂ ਦੇ ਪੇਂਡੂ ਤੇ ਬਾਰਡਰ ਏਰੀਆ ਸਮੇਤ ਵੱਖ-ਵੱਖ ਕਿਸਮ ਦੇ ਰੋਕੇ ਗਏ ਭੱਤੇ, ਏਸੀਪੀ ਸਕੀਮ ਨੂੰ ਬਹਾਲ ਕਰਨ, 17-07-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ ਅਤੇ ਮਹਿੰਗਾਈ ਭੱਤੇ ਦੀਆਂ ਰੋਕੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ ਤੋਂ ਆਨਾਕਾਨੀ ਕਰ ਰਹੀ ਹੈ।ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਫੈਸਲਾ ਕੀਤਾ ਗਿਆ ਕਿ 9 ਜੁਲਾਈ ਨੂੰ ਹੜਤਾਲ ਦੌਰਾਨ ਸਮੂਹ ਜ਼ਿਲ੍ਹਿਆਂ ਵਿੱਚ ਭਰਵੇਂ ਪ੍ਰਦਰਸ਼ਨ ਕੀਤੇ ਜਾਣਗੇ।

# ਦਲੇਲਪੁਰ ਖੇੜਾ ਨੂੰ ਜਾਣ ਵਾਲੀ ਦਰਿਆ ਬਿਆਸ ਦੀ ਕੱਚੀ ਧੁੱਸੀ ਰਾਹਗੀਰਾਂ ਲਈ ਬਣੀ ਜੀਅ ਦਾ ਜੰਜਾਲ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਅੰਦਰ ਪੈਂਦੇ ਦਰਿਆ ਬਿਆਸ ਦੀ ਧੁੱਸੀ ਨੂੰ ਉਚਾ ਤੇ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਧੁੱਸੀ 'ਤੇ ਮਿੱਟੀ ਪਾਈ ਗਈ ਸੀ ਪਰ ਹੁਣ ਬਰਸਾਤਾਂ ਦੇ ਦਿਨਾਂ ਵਿੱਚ ਮੀਂਹ ਪੈਣ ਨਾਲ ਧੁੱਸੀ 'ਤੇ ਕਾਫੀ ਚਿੱਕੜ-ਖੋਬਾ ਹੋ ਚੁੱਕਿਆ ਹੈ ਜਿਸ ਕਾਰਨ ਕਾਫ਼ੀ ਪਿੰਡਾਂ ਦੇ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਲੋਕਾਂ ਨੂੰ ਆਉਣ ਜਾਣ ਲਈ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਲਾਕਾ ਵਾਸੀਆਂ ਨੇ ਦੱਸਿਆ ਕਿ ਬੀਤੇ ਕੱਲ ਭਾਰੀ ਮੀਂਹ ਪੈਣ ਨਾਲ ਧੁੱਸੀ ਦੀ ਕੱਚੀ ਪਟੜੀ 'ਤੇ ਕਾਫੀ ਚਿੱਕੜ ਹੋ ਗਿਆ ਅਤੇ ਵਾਹਨ ਧੁੱਸੀ 'ਤੇ ਪਈ ਮਿੱਟੀ ਵਿੱਚ ਫਸ ਰਹੇ ਹਨ। ਲੋਕਾਂ ਨੇ ਦੱਸਿਆ ਕਿ ਪਿਛਲੇ ਦੋ ਸਾਲ ਪਹਿਲਾਂ ਦਰਿਆ ਵਿਚ ਹੜ੍ਹ ਆਉਣ ਕਾਰਨ ਧੁੱਸੀ ਕਈ ਜਗ੍ਹਾ ਤੋਂ ਟੁੱਟਣ ਕਾਰਨ ਇਸ ਵਿਚ ਪਾੜ ਪੈ ਗਏ ਸਨ ਜਿਸ ਨੂੰ ਪ੍ਰਸ਼ਾਸਨ ਵਲੋਂ ਬਾਅਦ ਵਿਚ ਮਿਟੀ ਅਤੇ ਪੱਥਰ ਪਾ ਕੇ ਪੂਰਾ ਕਰ ਦਿੱਤਾ ਗਿਆ ਸੀ। ਹੁਣ ਕੁਝ ਸਮਾਂ ਪਹਿਲਾਂ ਪ੍ਰਸ਼ਾਸਨ ਵਲੋਂ ਧੁੱਸੀ ਦੀ ਸੜਕ ਨੂੰ ਚੌੜਾ ਅਤੇ ਉਚਾ ਕਰਨ ਵਾਸਤੇ ਇਸ 'ਤੇ ਮਿਟੀ ਪਾ ਦਿੱਤੀ ਗਈ ਪਰ ਬਜਰਾ ਤੇ ਪ੍ਰੀਮਿਕਸ ਨਾ ਪੈਣ ਕਰਕੇ ਧੁੱਸੀ ਦੀ ਸੜਕ ਕੱਚੀ ਰਹਿ ਗਈ ਜਿਸ ਵਿਚ ਥੋੜਾ ਜਿਹਾ ਮੀਂਹ ਪੈਣ ਕਾਰਨ ਛੋਟੇ ਵਾਹਨਾਂ ਦਾ ਲੰਘਣਾ ਔਖਾ ਹੋ ਚੁੱਕਾ ਹੈ। ਖ਼ਾਸ ਕਰਕੇ ਮੀਂਹ ਦੇ ਦਿਨਾਂ ਵਿਚ ਸਕੂਲੀ ਬੱਚਿਆਂ ਬੱਸਾਂ ਰਾਹੀਂ ਆਉਣਾ-ਜਾਣਾ

ਕਾਫ਼ੀ ਮੁਸ਼ਕਲਾਂ ਨਾਲ ਭਰਿਆ ਹੋਇਆ ਹੈ ਜਿਸ ਦੀ ਮਿਸਾਲ ਉਸ ਵੇਲੇ ਦੇਖਣ ਨੂੰ ਮਿਲੀ ਜਦ ਇਕ ਬੱਚਿਆਂ ਨਾਲ ਭਰੀ ਸਕੂਲੀ ਬੱਸ ਧੁੱਸੀ ਦੀ ਕੱਚੀ ਪਟੜੀ 'ਤੇ ਹੋਏ ਚਿੱਕੜ ਵਿਚ ਫਸ ਗਈ। ਉਨ੍ਹਾਂ ਕਿਹਾ ਇਸ ਪਾਸੇ ਜਿਲ੍ਹਾ ਪ੍ਰਸ਼ਾਸਨ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ। ਇਸ ਏਰੀਏ ਅੰਦਰ ਡੇਰਿਆਂ ਦੀ ਕਾਫੀ ਆਬਾਦੀ ਹੈ ਅਤੇ ਅਕਸਰ ਹੀ ਇਸ ਧੁੱਸੀ ਰਾਹੀਂ ਸਕੂਲੀ ਬੱਚੇ, ਗੁਰਦਾਸਪੁਰ-ਮੁਕੇਰੀਆਂ ਲੋਕ ਕਾਫ਼ੀ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਧੁੱਸੀ 'ਤੇ ਪਈ ਮਿੱਟੀ ਵਿੱਚ ਸਵੇਰ ਸਮੇਂ ਸਕੂਲ ਦੀਆਂ ਬੱਸਾਂ ਫਸ ਜਾਂਦੀਆਂ ਹਨ ਜਿਸ ਕਾਰਨ ਸਕੂਲੀ ਬੱਚੇ ਜਿੱਥੇ ਸਕੂਲ ਜਾਣ ਤੋਂ ਲੇਟ ਹੋ ਜਾਂਦੇ ਹਨ ਉੱਥੇ ਹੀ ਉਨ੍ਹਾਂ ਦੀਆਂ ਵਰਦੀਆਂ ਚਿੱਕੜ ਨਾਲ ਖਰਾਬ ਹੋ ਜਾਂਦੀਆਂ ਹਨ। ਮਿਟੀ ਵਿਚ ਫਸੀਆਂ ਸਕੂਲੀ ਬੱਸਾਂ ਨੂੰ ਟਰੈਕਟਰਾਂ ਨਾਲ ਟੋਚਨ ਪਾ ਕੇ ਬਾਹਰ ਕੱਢਿਆ ਜਾਂਦਾ ਹੈ। ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਦਰਿਆ ਬਿਆਸ ਦੀ ਧੁੱਸੀ ਉਤੇ ਪੱਕੀ ਸੜਕ ਬਣਾਉਣ ਲਈ ਸਬੰਧਤ ਵਿਭਾਗ ਨੂੰ ਹੁਕਮ ਜਾਰੀ ਕੀਤੇ ਜਾਣ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਇਸ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।

# ਬਾਬਾ ਬੁੱਢਾ ਸਾਹਿਬ ਸਪੋਰਟਸ ਕਲੱਬ ਚੇਤਨਪੁਰਾ ਨੇ ਦੂਸਰਾ ਕ੍ਰਿਕਟ ਟੂਰਨਾਮੈਂਟ ਕਰਵਾਇਆ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਨਸ਼ੇ ਮਨੁੱਖ ਦੀ ਸਿਹਤ ਵਿਗਾੜ ਦਿੰਦੇ ਹਨ।ਨਸ਼ਿਆਂ ਦਾ ਆਦੀ ਵਿਅਕਤੀ ਸਮਾਜ 'ਤੇ ਵੀ ਬੋਝ ਹੁੰਦਾ ਹੈ। ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵਿੱਚ ਰੁਚੀ ਲੈਣੀ ਚਾਹੀਦੀ ਹੈ।ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਡਿਪਟੀ ਐਡਵੋਕੇਟ ਜਨਰਲ ਰਜੀਵ ਮੈਦਾਨ ਨੇ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਸਪੋਰਟਸ ਕਲੱਬ ਚੇਤਨਪੁਰਾ ਵੱਲੋਂ ਕਰਵਾਏ ਗਏ ਬਾਬਾ ਬੁੱਢਾ ਸਾਹਿਬ ਜੀ ਨੂੰ ਸਮਰਪਿਤ ਦੂਸਰੇ ਕ੍ਰਿਕਟ ਟੂਰਨਾਮੈਂਟ ਸਮੇਂ ਅਜਨਾਲਾ ਤਹਿਸੀਲ ਦੇ ਪਿੰਡ ਚੇਤਨਪੁਰਾ ਨਜ਼ਦੀਕ ਮਹਿਲ ਜੰਡਿਆਲਾ ਵਿਖੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਨਸ਼ਿਆਂ ਵਿੱਚ ਗਲਤਾਨ ਹੋ ਗਈ ਹੈ, ਜਿਸ ਨੂੰ ਬਚਾਉਣ ਲਈ ਪੰਜਾਬ ਸਰਕਾਰ ਪੂਰਾ ਤਾਣ ਲਾ ਰਹੀ ਹੈ।ਉਨ੍ਹਾਂ ਨੌਜਵਾਨਾਂ ਨੂੰ ਨਸ਼ੇ ਤਿਆਗ ਕੇ ਖੇਡਾਂ ਵੱਲ ਰੁਚੀ ਰੱਖਣ ਦੀ ਅਪੀਲ ਕੀਤੀ।ਟੂਰਨਾਮੈਂਟ ਵਿੱਚ ਕੁੱਲ 18 ਟੀਮਾਂ ਨੇ ਭਾਗ ਲਿਆ।ਸੈਮੀਫਾਈਨਲ ਰਿਆਲ ਸੰਤੂਨੰਗਲ ਅਤੇ ਮਜੀਠਾ ਸੋਹੀਆਂ ਦੀਆਂ ਟੀਮਾਂ ਵਿਚਕਾਰ ਹੋਇਆ, ਜਿਸ ਵਿਚੋਂ ਰਿਆਲ ਨੂੰ ਹਰਾਕੇ ਸੰਤੂਨੰਗਲ ਅਤੇ ਸੋਹੀਆਂ ਨੂੰ ਹਰਾ ਕੇ ਮਜੀਠਾ ਦੀ ਟੀਮ ਜੇਤੂ ਰਹੀ। ਫਾਈਨਲ ਮੁਕਾਬਲਾ ਮਜੀਠਾ ਤੇ ਸੰਤੂਨੰਗਲ ਦੀਆਂ ਟੀਮਾਂ ਵਿਚਕਾਰ ਹੋਇਆ, ਜਿਸ ਵਿਚੋਂ ਮਜੀਠਾ ਦੀ ਟੀਮ ਨੇ ਸੰਤੂਨੰਗਲ ਨੂੰ ਚਾਰ ਦੌੜਾਂ ਨਾਲ ਹਰਾ ਕੇ ਟਰਾਫੀ 'ਤੇ ਕਬਜ਼ਾ ਕਰ ਲਿਆ। ਇਸ ਮੌਕੇ ਰਜੀਵ ਮਦਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ

ਅਤੇ ਜੇਤੂ ਟੀਮਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਸੁਖਪਾਲ ਸਿੰਘ ਰੰਧਾਵਾ ਕੰਦੋਵਾਲੀ, ਸਰਪੰਚ ਜਸਬੀਰ ਸਿੰਘ ਜੱਸ ਸੰਤੂਨੰਗਲ, ਹਰਪ੍ਰੀਤ ਸਿੰਘ ਕੰਦੋਵਾਲੀ, ਸਰਪੰਚ ਜਸਬੀਰ ਰਾਜਾ ਚੇਤਨਪੁਰਾ, ਬਲਵਿੰਦਰ ਸਿੰਘ ਚੇਤਨਪੁਰਾ, ਰਵੇਲ ਸਿੰਘ ਪਠਾਣ ਨੰਗਲ, ਲਾਡੀ ਜ਼ੈਲਦਾਰ ਚੇਅਰਮੈਨ ਜ਼ਿਲ੍ਹਾ ਕੋਆਪਰੇਟਿਵ ਸੋਸਾਇਟੀ, ਬਲਕਾਰ ਸਿੰਘ ਚੇਤਨਪੁਰਾ, ਅਰਵਿੰਦਰ ਸਿੰਘ ਘੁੱਲਾ ਅਤੇ ਅਰਜਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਸ਼ੈਰੀ ਕਲਸੀ ਦੀ ਅਗਵਾਈ 'ਚ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਹੋ ਰਹੀ ਹੈ ਕਾਇਆ ਕਲਪ : ਮਾਨਿਕ ਮਹਿਤਾ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਕਾਇਆ ਕਲਪ ਕੀਤੀ ਜਾ ਰਹੀ ਹੈ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ।

ਇਹ ਪ੍ਰਗਟਾਵਾ ਮਾਨਿਕ ਮਹਿਤਾ, ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਨੇ ਚੱਕਰੀ ਬਾਜ਼ਾਰ ਵਿਖੇ ਦੁਕਾਨਦਾਰਾਂ ਨੂੰ ਮਿਲਣ ਉਪਰੰਤ ਕੀਤਾ।

ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਜਿਥੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਇਸਦੇ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ।

ਸ਼ਹਿਰ ਵਿੱਚ ਮਹਿਜ਼ ਤਿੰਨ ਸਾਲਾਂ ਵਿੱਚ ਵੱਖ-ਵੱਖ ਵਿਕਾਸ ਕਰਾਜ ਕਰਵਾਏ ਗਏ ਹਨ ਅਤੇ ਵਿਕਾਸ ਕਾਰਜਾਂ ਲਗਾਤਾਰ ਜਾਰੀ ਹਨ।

ਚੇਅਰਮੈਨ ਮਹਿਤਾ ਨੇ ਦੱਸਿਆ ਕਿ ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਭਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ

ਨਾਲ ਚੌਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਮੁਹੱਲਾ ਕਲੀਨਿਕਾਂ ਰਾਹੀਂ ਮਰੀਜ਼ਾਂ ਦਾ ਮੁਫ਼ਤ ਇਲਾਜ ਚੱਲ ਰਿਹਾ ਹੈ।

ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ 

8-July-PAGE-12.qxd 7/7/2025 10:45 PM Page 1



## ਜਨਮ ਦਿਨ ਮੁਬਾਰਕ

ਆਨੰਤ ਚਾਵਲਾ, ਕੋਟਕਪੂਰਾ



ਸਨਮੀਤ ਕੌਰ, ਫਿਰੋਜ਼ਪੁਰ

# ਪੀ ਪੀ ਪੀ ਐੱਫ਼ ਵੱਲੋਂ ਭਲਕ ਦੀ ਹੜਤਾਲ 'ਚ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 9 ਜੁਲਾਈ ਨੂੰ ਕੀਤੀ ਜਾ ਰਹੀ ਇੱਕ ਦਿਨਾ ਦੇਸ਼ ਵਿਆਪੀ ਹੜਤਾਲ ਵਿੱਚ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ਼.) ਵਲੋਂ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐੱਮ.ਐੱਫ਼.) ਦੇ ਬੈਨਰ ਹੇਠ ਸ਼ਾਮਿਲ ਹੋਣ ਦਾ ਫ਼ੈਸਲਾ ਕੀਤਾ ਗਿਆ ਹੈ।ਇਹ ਜਾਣਕਾਰੀ ਸਾਂਝੀ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਸੂਬਾਈ ਆਗੂਆਂ ਅਤਿੰਦਰ ਪਾਲ ਸਿੰਘ, ਗੁਰਬਿੰਦਰ ਸਿੰਘ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ, ਦਲਜੀਤ ਸਫ਼ੀਪੁਰ, ਜਸਵੀਰ ਸਿੰਘ ਭੰਮਾਂ, ਮਨਜੀਤ ਸਿੰਘ ਦਸੂਹਾ ਅਤੇ ਰਮਨ ਸਿੰਗਲਾ ਨੇ ਦੱਸਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਅਤੇ ਸਮੂਹ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਦੇਸ਼ ਭਰ ਵਿੱਚ ਇੱਕ ਰੋਜ਼ਾ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਇਸ ਹੜਤਾਲ ਨੂੰ ਕਾਮਯਾਬ ਕਰਨ ਹਿੱਤ ਸਮੂਹ ਐੱਨ.ਪੀ.ਐੱਸ. ਮੁਲਾਜ਼ਮਾਂ ਦੀ ਭਰਵੀਂ ਸ਼ਮੂਲੀਅਤ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਜਿੱਥੇ ਕੇਂਦਰ ਸਰਕਾਰ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਨੂੰ ਖੋਹ ਕੇ ਉਸ ਦੀ ਥਾਂ ਪਹਿਲਾਂ ਐੱਨ.ਪੀ.ਐੱਸ. ਅਤੇ ਮੁਲਾਜ਼ਮਾਂ ਦੇ ਲੰਬੇ ਸੰਘਰਸ਼ ਸਦਕਾ ਹੁਣ ਅੱਧੇ ਅਧੂਰੇ ਫਾਇਦਿਆਂ ਵਾਲੀ ਕੱਚਘਰੜ ਯੂ.ਪੀ.ਐੱਸ. ਸਕੀਮ ਲੈ ਕੇ ਆਈ ਹੈ, ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਢਾਈ ਸਾਲ ਤੋਂ ਉੱਤੇ ਸਮਾਂ ਬੀਤਣ ਦੇ ਬਾਵਜੂਦ ਪੰਜਾਬ ਦੇ ਇੱਕ ਵੀ ਮੁਲਾਜ਼ਮ ਤੇ ਹਕੀਕੀ ਰੂਪ ਵਿੱਚ ਪੁਰਾਣੀ ਪੈਨਸ਼ਨ ਲਾਗੂ ਨਹੀਂ ਹੋਈ ਅਤੇ ਨਾ ਹੀ ਕਿਸੇ ਮੁਲਾਜ਼ਮ ਦਾ ਜੀ.ਪੀ.ਐੱਫ਼. ਖਾਤਾ ਹੀ ਖੋਲ੍ਹਿਆ ਗਿਆ ਹੈ। ਜਿਸ ਨਾਲ ਪੰਜਾਬ ਦੇ

ਲਗਭਗ ਸਵਾ ਦੋ ਲੱਖ ਐੱਨ.ਪੀ.ਐੱਸ. ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਸਖ਼ਤ ਰੋਸ ਹੈ।ਫ਼ਰੰਟ ਦੇ ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਵਿੱਤ ਸਕੱਤਰ ਨੰਦ ਰਾਮ ਅਤੇ ਜੁਆਇੰਟ ਸਕੱਤਰ ਬਲਕਾਰ ਪੁਰੀਕਾ ਨੇ ਦੱਸਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਅਤੇ ਪੰਜਾਬ ਦੀਆਂ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਕਰਮਚਾਰੀਆਂ ਲਈ 1972 ਵਾਲੀ ਪੁਰਾਣੀ ਪੈਨਸ਼ਨ ਦੀ ਬਹਾਲੀ ਦੀ ਅਹਿਮ ਮੰਗ ਦੇ ਨਾਲ, ਜਬਰੀ ਥੋਪੇ ਚਾਰ ਕਿਰਤ ਕਾਨੂੰਨਾਂ ਦੇ ਵਿਰੋਧ ਸਮੇਤ, ਮਾਣ ਭੱਤਾ ਵਰਕਰਾ 'ਤੇ ਘੱਟੋ ਘੱਟ ਉਜ਼ਰਤਾਂ ਕਾਨੂੰਨ ਲਾਗੂ ਕਰਵਾਉਣ, ਕੱਚੇ-ਠੇਕਾ-ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕੇ ਕਰਵਾਉਣ, ਪਰਖ ਕਾਲ ਸੰਬੰਧੀ 15/01/2015 ਦਾ ਨੋਟੀਫਿਕੇਸ਼ਨ ਰੱਦ ਕਰਵਾਉਣ, 17 ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਵਾਉਣ, ਪੇਂਡੂ ਭੱਤਾ, ਬਾਰਡਰ ਏਰੀਆ ਭੱਤਾ ਸਮੇਤ ਕੱਟੇ ਗਏ ਸਮੁੱਚੇ ਭੱਤੇ ਅਤੇ ਏ.ਸੀ.ਪੀ ਸਕੀਮ ਮੁੜ ਬਹਾਲ ਕਰਵਾਉਣ, ਮਹਿੰਗਾਈ ਭੱਤੇ ਦੀਆਂ ਰੋਕੀਆਂ ਗਈਆਂ ਕਿਸ਼ਤਾਂ ਅਤੇ ਬਕਾਏ ਜਾਰੀ ਕਰਵਾਉਣ, ਜਬਰੀ ਥੋਪੇ ਗਏ ਜਜ਼ੀਆ ਰੂਪੀ 200 ਰੁਪਏ ਵਿਕਾਸ ਕਰ ਨੂੰ ਰੱਦ ਕਰਵਾਉਣ ਵਰਗੀਆਂ ਅਹਿਮ ਮੰਗਾਂ ਸ਼ਾਮਿਲ ਹਨ ਜਿਸ ਦੀ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੁਰਜ਼ੋਰ ਹਮਾਇਤ ਕਰਦਾ ਹੈ ਅਤੇ ਸਮੂਹ ਐੱਨ.ਪੀ.ਐੱਸ. ਮੁਲਾਜ਼ਮਾਂ ਨੂੰ ਇਸ ਸਾਂਝੇ ਸੰਘਰਸ਼ ਅਤੇ ਹੜਤਾਲ ਦੇ ਸੱਦੇ ਵਿੱਚ ਸ਼ਾਮਿਲ ਹੋਣ ਦੀ ਅਪੀਲ ਕਰਦਾ ਹੈ।ਇਸ ਮੌਕੇ ਸੁਖਦੇਵ ਡਾਨਸੀਵਾਲ, ਪ੍ਰਵੀਨ ਸ਼ੇਰਪੁਰ, ਜਰਨੈਲ ਡਘਾਮ, ਪ੍ਰਦੀਪ ਗੁਰੂ, ਵਰਿੰਦਰ ਸੈਣੀ, ਅਸ਼ਣੀ ਕੁਮਾਰ, ਰਮੇਸ਼ ਬੱਗਾ, ਹਰਿੰਦਰ ਸੁਮਨ, ਅਜੇ ਕੁਮਾਰ, ਰਜਿੰਦਰ ਹੇਜਮਾ, ਬਲਜਿੰਦਰ ਸਹੋਤਾ, ਜਸਮੀਤ ਸਿੰਘ, ਸੰਜੀਵ ਕਲਸੀ, ਬਲਬੀਰ ਸਿੰਘ ਧਾਮੀ, ਮਨਜੀਤ ਸੈਣੀ, ਪਰਮਜੀਤ ਸਿੰਘ, ਜਸਵਿੰਦਰ ਝਿੰਗੜ, ਜੀਵਨ ਕੁਮਾਰ ਸੰਧੂ, ਨਿਰਮਲ ਸਿੰਘ ਨਿਹਾਲਪੁਰ, ਦਲਜਿੰਦਰ ਸਿੰਘ ਜਲੋਟਾ, ਵਿਜੇ ਕੁਮਾਰ, ਮਨਜੀਤ ਬਾਬਾ ਅਤੇ ਸਤੀਸ਼ ਸੰਸਾਰਪੁਰ ਆਦਿ ਆਗੂ ਵੀ ਹਾਜ਼ਰ ਸਨ।

# ਖਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਪੰਜਾਬ ਰਗਬੀ ਟੀਮ 'ਚ ਚੋਣ

**ਸੁਲਤਾਨਪੁਰ ਲੋਧੀ ( ਹਨੀ)**

ਗੁਰੂ ਨਾਨਕ ਖਾਲਸਾ ਕਾਲਜ ਦੇ ਬੀ.ਏ ਭਾਗ ਤੀਜਾ ਦੇ ਵਿਦਿਆਰਥੀਆਂ ਮੋਹਿਤ ਅਤੇ ਹਰਮਨਦੀਪ ਸਿੰਘ ਨੂੰ ਪੰਜਾਬ ਰਗਬੀ ਜੂਨੀਅਰ ਟੀਮ 'ਚ ਚੁਣਿਆ ਗਿਆ। ਬੀਤੇ ਸਮੇਂ 'ਚ ਕਪੂਰਥਲਾ ਦੀ ਰਗਬੀ ਟੀਮ ਨੇ ਸਟੇਟ ਲੈਵਲ ਵਿੱਚ ਭਾਗ ਲਿਆ ਸੀ, ਜੋ ਅੰਮ੍ਰਿਤਸਰ ਵਿੱਚ ਕਰਵਾਇਆ ਗਿਆ ਸੀ। ਇਸ ਟੂਰਨਾਮੈਂਟ 'ਚ ਕਾਲਜ ਦੇ ਚਾਰ ਵਿਦਿਆਰਥੀਆਂ ਨੇ ਹਿੱਸਾ ਲਿਆ । ਜਿਸ ਵਿੱਚ ਗੁਰਬਾਜ ਸਿੰਘ, ਗੁਰਜੀਤ ਸਿੰਘ, ਮੋਹਿਤ ਅਤੇ ਹਰਮਨਦੀਪ ਸਿੰਘ ਨੇ ਕਪੂਰਥਲਾ ਟੀਮ ਵਿੱਚ ਖੇਡਦੇ ਹੋਏ ਦੂਜਾ ਸਥਾਨ ਹਾਸਿਲ ਕੀਤਾ। ਮੋਹਿਤ ਅਤੇ ਹਰਮਨਦੀਪ ਸਿੰਘ ਦਾ ਬਹੁਤ ਹੀ ਵਧੀਆ ਪ੍ਰਦਰਸਨ ਰਿਹਾ ਜਿਸ ਕਾਰਨ ਇਨ੍ਹਾਂ ਵਿਦਿਆਰਥੀਆਂ ਦੀ ਚੋਣ ਪੰਜਾਬ ਰਗਬੀ ਜੂਨੀਅਰ ਟੀਮ ਵਿੱਚ ਕੀਤੀ ਗਈ। ਇਹ ਟੀਮ 15 ਅਤੇ 16 ਜੁਲਾਈ ਨੂੰ ਦੇਹਰਾਦੂਨ ਉੱਤਰਾਖੰਡ ਵਿਖੇ ਹੋ ਰਹੇ ਨੈਸ਼ਨਲ ਟੂਰਨਾਮੈਂਟ ਵਿੱਚ ਭਾਗ ਲਵੇਗੀ । ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਮੈਂਬਰ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਇਸ ਉਪਲਬਧੀ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਹਰਜਾਪ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਮੋਹਿਤ ਅਤੇ ਹਰਮਨਦੀਪ ਦੀ ਜੂਨੀਅਰ ਟੀਮ ਵਿੱਚ ਚੋਣ ਕਾਲਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।

# ਪੁਲਸ ਮੁਕਾਬਲੇ ਦੌਰਾਨ ਫਿਰੌਤੀ ਮੰਗਣ ਵਾਲੇ 2 ਗੈਂਗਸਟਰ ਗ੍ਰਿਫ਼ਤਾਰ

## *ਦੋ ਦੇਸੀ ਪਿਸਤੌਲ, ਗੋਲੀ-ਸਿੱਕਾ ਤੇ 110 ਨਸ਼ੇ ਦੀਆਂ ਗੋਲੀਆਂ ਬਰਾਮਦ*

**ਸ਼ਾਹਕੋਟ (ਗਿਆਨ ਸੈਦਪੁਰੀ)**

ਸੋਮਵਾਰ ਸਵੇਰੇ ਸਵਾ ਛੇ ਵਜੇ ਦੋ ਮੋਟਰਸਾਈਕਲ ਸਵਾਰਾਂ ਦਾ ਪਿੱਛਾ ਕਰ ਰਹੀ ਸ਼ਾਹਕੋਟ ਪੁਲਿਸ ਵੱਲ ਗੋਲੀ ਚਲਾਏ ਜਾਣ ਬਾਅਦ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਦੋਵੇਂ ਨਸ਼ਾ ਤਸਕਰ ਜ਼ਖ਼ਮੀ ਹੋ ਗਏ ਤੇ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਇਲਾਜ ਲਈ ਨਕੋਦਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਹਨਾਂ ਕਥਿਤ ਦੋਸ਼ੀਆਂ ਪਾਸੋਂ ਦੋ ਦੇਸੀ ਪਿਸਤੌਲ, ਗੋਲੀ ਸਿੱਕਾ ਅਤੇ 110 ਜਹਰੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ।ਵਾਰਦਾਤ ਵਾਲੀ ਥਾਂ ਪਹੁੰਚੇ ਪੱਤਰਕਾਰਾਂ ਨੂੰ ਐਸਐਸਪੀ ਜਲੰਧਰ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਸਵੇਰੇ ਪੌਣੇ ਪੰਜ ਵਜੇ ਸ਼ਾਹਕੋਟ ਪੁਲਿਸ ਨੂੰ ਸੂਚਨਾ ਮਿਲੀ ਕਿ ਪਿੰਡ ਸਾਦਕਪੁਰ, ਢੰਡੋਵਾਲ, ਤਲਵੰਡੀ ਸੰਘੇੜਾ, ਬਿੱਲੀ ਚਾਹਰਮੀ, ਭੁੱਲਰ, ਨਵਾਂ ਕਿਲਾ, ਕੋਟਲੀ ਗਾਜਰਾਂ ਆਦਿ ਪਿੰਡਾਂ ਵਿੱਚ ਦੋ ਸ਼ੱਕੀ ਨੌਜਵਾਨ, ਜੋ ਜੇਲ ਵਿੱਚੋਂ ਜਮਾਨਤ 'ਤੇ ਆਏ ਹੋਏ ਹਨ, ਕੋਈ ਵਾਰਦਾਤ ਕਰਨ ਦੀ ਤਾਕ ਵਿੱਚ ਹਨ। ਇਸੇ ਦੌਰਾਨ ਜਾਣਕਾਰੀ ਮਿਲੀ ਕਿ ਕਾਲੇ ਰੰਗ ਦੇ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ ਬਾਜਵਾ ਕਲਾਂ ਵੱਲੋਂ ਆ ਰਹੇ ਹਨ। ਉਹਨਾਂ ਕੋਲ ਅਸਲਾ ਤੇ ਨਸ਼ੀਲੇ ਪਦਾਰਥ ਹਨ। ਇਹ ਚੀਜ਼ਾਂ ਆਪਣੇ ਗਾਹਕਾਂ ਨੂੰ ਸਪਲਾਈ ਕਰਨ ਲਈ ਕਿਸੇ

ਵਾਰਦਾਤ ਦੀ ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਹਰਵਿੰਦਰ ਸਿੰਘ ਵਿਰਕ, ਡੀ ਐੱਸ ਪੀ ਉਂਕਾਰ ਸਿੰਘ ਬਰਾੜ ਤੇ ਹੋਰ।

ਢੁਕਵੇ ਥਾਂ ਦੀ ਤਾਲਾਸ਼ ਵਿੱਚ ਹਨ।ਇਹ ਸੂਚਨਾ ਮਿਲਣ 'ਤੇ ਮਾਡਲ ਥਾਣਾ ਮੁਖੀ ਬਲਵਿੰਦਰ ਸਿੰਘ ਭੁੱਲਰ ਨੇ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਉਹਨਾਂ ਨੇ ਆਸ ਪਾਸ ਦੇ ਥਾਣਿਆਂ ਨੂੰ ਸੂਚਿਤ ਕਰਕੇ ਪੁਲਿਸ ਪਾਰਟੀਆਂ ਬਣਾ ਕੇ ਏਰੀਏ ਵਿੱਚ ਗਸ਼ਤ ਕਰਨ ਲਈ ਭੇਜੀਆਂ। ਇੱਕ ਪੁਲਿਸ ਪਾਰਟੀ ਜਿਸ ਦੀ ਅਗਵਾਈ ਐਸਐਚਓ ਭੁੱਲਰ ਕਰ ਰਹੇ ਸਨ, ਪਿੰਡ ਕੋਟਲੀ ਗਾਜਰਾਂ ਦੇ ਅੰਡਰ ਬ੍ਰਿਜ ਦੇ ਨੇੜੇ ਰੇਲਵੇ ਸ਼ਾਹਕੋਟ ਨੂੰ ਜਾਂਦੀ ਸੜਕ 'ਤੇ ਮੋਟਰਸਾਈਕਲ 'ਤੇ ਸਵਾਰ ਦੋ ਸ਼ੱਕੀ ਨੌਜਵਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਹਨਾਂ ਨੇ ਦੌੜਨ ਦੀ ਕੋਸ਼ਿਸ਼ ਕੀਤੀ। ਪੁਲਿਸ ਵੱਲੋਂ ਇਹਨਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਵੇਲੇ ਸ਼ੱਕੀ ਨੌਜਵਾਨਾਂ ਨੇ ਦੋ ਗੋਲੀਆਂ ਚਲਾਈਆਂ। ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਇਹਨਾਂ ਦੋਵਾਂ ਦੀਆਂ ਲੱਤਾਂ ਵਿੱਚ ਇੱਕ ਇੱਕ ਗੋਲੀ ਵੱਜੀ। ਜਖਮੀ ਹਾਲਾਤ ਵਿੱਚ ਪੁਲਿਸ ਨੇ ਇਹਨਾਂ ਨੂੰ ਕਾਬੂ ਕਰ ਲਿਆ। ਇਹਨਾਂ ਕੋਲੋਂ ਦੋ ਦੇਸੀ ਪਿਸਤੌਲ, ਗੋਲੀ ਸਿੱਕਾ ਤੇ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ 'ਮੁਕਾਬਲੇ' ਬਾਅਦ ਦੋਸ਼ੀਆਂ ਨੂੰ ਇਲਾਜ ਲਈ ਸਿਵਿਲ ਹਸਪਤਾਲ ਨਕੋਦਰ ਭੇਜ ਦਿੱਤਾ ਗਿਆ।ਫੜੇ ਗਏ ਦੋਸ਼ੀਆਂ ਵਿੱਚ ਇੱਕ ਲਖਵਿੰਦਰ ਸਿੰਘ ਉਰਫ ਖੰਨਾ ਵਾਸੀ ਨਵਾਂ ਪਿੰਡ ਦੋਨੇਵਾਲ ਥਾਣਾ ਲੋਹੀਆਂ ਅਤੇ ਦੂਸਰਾ ਅਜੈ ਕੁਮਾਰ ਉਰਫ ਬਾਬਾ ਪਿੰਡ ਕੰਦੋਲਾ ਕਲਾਂ ਥਾਣਾ ਨੂਰਮਹਿਲ ਹੈ। ਅਜੇ ਕੁਮਾਰ ਬਾਬਾ ਵੱਲੋਂ ਅਕਤੂਬਰ 2024 ਵਿੱਚ ਆਪਣੇ ਹੀ ਸਾਥੀਆਂ ਨਾਲ ਪਿੰਡ ਨੂਰਪੁਰ ਚੱਠਾ ਵਿਖੇ ਉੱਘੇ ਕਬੱਡੀ ਖਿਡਾਰੀ ਸਿਮਰਨ ਦੀਪ ਸਿੰਘ 'ਤੇ ਗੋਲੀਆਂ ਚਲਾਈਆਂ ਗਈਆਂ ਸਨ। ਇਹ ਫਰੋਤੀਆਂ ਅਤੇ ਹੋਰ ਮਾਮਲਿਆਂ ਵਿੱਚ ਥਾਣਾ ਨਕੋਦਰ ਅਤੇ ਲੋਹੀਆਂ ਨੂੰ ਲੋੜੀਂਦਾ ਹੈ। ਲਖਵਿੰਦਰ ਸਿੰਘ ਉਰਫ ਖੰਨਾ 50-50 ਲੱਖ ਦੀ ਫਰੋਤੀ ਮੰਗਣ ਦੇ ਮੁਕਦਮਿਆਂ ਵਿੱਚ ਥਾਣਾ ਲੋਹੀਆਂ ਨੂੰ ਲੜੀਂਦਾ ਹੈ।ਐਸ ਐਸ ਪੀ ਨੇ ਦੱਸਿਆ ਕਿ ਫੜੇ ਗਏ ਨਸ਼ਾ ਤਸਕਰਾਂ ਦੀਆਂ ਤਾਰਾਂ ਇੰਗਲੈਂਡ ਅਤੇ ਅਮਰੀਕਾ ਬੈਠੇ ਗੈਂਗਸਟਰਾਂ ਨਾਲ ਜੁੜੀਆਂ ਹੋਈਆਂ ਹਨ। ਉਹਨਾਂ ਨੇ ਦੱਸਿਆ ਕਿ ਅਗਲੀ ਪੁਚਿਸ਼ ਤੋਂ ਹੋਰ ਖੁਲਾਸੇ ਹੋਣ ਦੀ ਆਸ ਹੈ। ਮੌਕੇ ਤੇ ਪਹੁੰਚੇ ਪੁਲਿਸ ਅਧਿਕਾਰੀਆਂ ਵਿੱਚ ਐਸਪੀ( ਡਿਟੈਕਟਿਵ) ਸਰਬਜੀਤ ਸਿੰਘ ਰਾਏ ਅਤੇ ਡੀਐਸਪੀ ਸ਼ਾਹਕੋਟ ਉਕਾਂਰ ਸਿੰਘ ਬਰਾੜ ਸ਼ਾਮਲ ਹਨ।

# ਭਾਈ ਜਸਵਿੰਦਰ ਸਿੰਘ ਹੈੱਡ ਗ੍ਰੰਥੀ ਨਮਿੱਤ ਅੰਤਿਮ ਅਰਦਾਸ ਤੇ ਸਰਧਾਂਜਲੀ ਸਮਾਗਮ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਬਜਵਾੜਾ ਕਲਾਂ ਗੁਰਦੁਆਰਾ ਸ੍ਰੀ ਸਿੰਘ ਸਭਾ ਊਨਾ ਰੋਡ ਹੁਸ਼ਿਆਰਪੁਰ ਦੇ

ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਬਜਵਾੜਾ ਕਲਾਂ ਦਾ ਬੀਤੀ ਦਿਨੀਂ ਦੇਹਾਂਤ ਹੋ ਗਿਆ ਸੀ। ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਸਹਿਬਜਾਦਾ ਬਾਬਾ ਫਤਹਿ ਸਿੰਘ ਛਾਉਣੀ ਸਿੰਘਾ ਤਰਨਾ ਦਲ ਬਜਵਾੜਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਬਜਵਾੜਾ ਕਲਾਂ ਦੀ ਅਚਾਨਕ ਦੇਹਾਂਤ ਤੇ ਇਲਾਕੇ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਪੱਤਰਕਾਰ ਭਾਈਚਾਰਾ ਅਤੇ ਸਿਆਸੀ ਆਗੂਆਂ ਨੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਅਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਦੱਸਿਆ ਕਿ ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਬਜਵਾੜਾ ਕਲਾਂ ਦੀ ਆਤਮਿਕ ਸਾਂਤੀ ਲਈ ਰੱਖੇ ਸ੍ਰੀ ਸਾਹਿਜ ਪਾਠ ਸਾਹਿਬ ਜੀ ਦੇ ਭੋਗ 9 ਜੁਲਾਈ ਨੂੰ ਗੁਰਦੁਆਰਾ ਸ੍ਰੀ ਸਿੰਘ ਸਭਾ ਊਨਾ ਰੋਡ ਹੁਸ਼ਿਆਰਪੁਰ ਵਿਖੇ ਪਾਏ ਜਾਣਗੇ।

# ਸਰਕਾਰੀ ਸੈਕੰਡਰੀ ਸਮਾਰਟ ਸਕੂਲ ਫਤਿਹਗੜ੍ਹ 'ਚ ਮਨਾਇਆ ਬੈਗਲੈੱਸ ਡੇ

**ਹੁਸ਼ਿਆਰਪੁਰ, (ਓ ਪੀ ਰਾਣਾ)**—ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਲਲਿਤਾ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਰਕਾਰੀ ਸੈਕੰਡਰੀ ਸਮਾਰਟ ਸਕੂਲ, ਫਤਿਹਗੜ੍ਹ ਵਿੱਚ ਸੋਮਵਾਰ ਨੂੰ 'ਬੈਗਲੈੱਸ ਡੇ' ਮਨਾਇਆ ਗਿਆ। ਇਸ ਵਿਸ਼ੇਸ਼ ਦਿਨ ਦਾ ਮਕਸਦ ਵਿਦਿਆਰਥੀਆਂ ਨੂੰ ਪਰਯਾਵਰਣ ਸੰਰੱਖਣ, ਪਲਾਸਟਿਕ ਦੇ ਨੁਕਸਾਨ ਅਤੇ ਉਸ ਦੇ ਵਿਕਲਪਕ ਹਲਾਂ ਬਾਰੇ ਜਾਗਰੂਕ ਕਰਨਾ ਸੀ।ਇਸ ਪ੍ਰੋਗਰਾਮ ਦੀ ਅਗਵਾਈ ਸਕੂਲ ਦੇ ਮੁਖ ਅਧਿਆਪਕ ਮਨੋਜ ਕੁਮਾਰ (ਕੇਨੇਡੀ) ਨੇ ਕੀਤੀ, ਜਿਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਗਰੁੱਪ ਸਟਾਫ ਨੇ ਮਿਲ ਕੇ ਇਸ ਨੂੰ ਕਾਮਯਾਬ ਬਣਾਇਆ। ਇਸ ਮੌਕੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਕਈ ਰਚਨਾਤਮਕ ਗਤੀ